ਪਿਤਾ ਦਾ ਪਿਆਰ



ਆਸ਼ਿਸ਼ ਰਾਏਚੂਰ

ਮੁਫ਼ਤ ਵੰਡਣ ਦੇ ਲਈ
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2026

ਸੰਪਰਕ ਕਰਨ ਦੇ ਲਈ ਜਾਣਕਾਰੀ
All Peoples Church & World Outreach,
319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: bookrequest@apcwo.org
Website: apcwo.org

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

ਵਿੱਤੀ ਸਾਂਝੇਦਾਰੀ
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ
ਪ੍ਰਚਾਰ: apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
ਬਾਈਬਲ ਕਾਲਜ: apcbiblecollege.org | **ਈ-ਲਰਨਿੰਗ:** apcbiblecollege.org/elearn
ਕਾਊਂਸਲਿੰਗ: chrysalislife.org | **ਸੰਗੀਤ:** apcmusic.org
ਸੇਵਕਾਂ ਦੀ ਸੰਗਤੀ: pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org
ਬਲੀਵਰਜ਼ ਬਾਈਬਲ ਕਮੈਂਟਰੀ: believersbiblecommentary.com

(Punjabi—The Father's Love)

ਪਿਤਾ ਦਾ ਪਿਆਰ

ਅਥਾਹ ਪਿਆਰ

ਏਪੀਸੀ ਮਿਊਜ਼ਿਕ (apcmusic.org)

ਜਦੋਂ ਮੇਰੇ ਰਾਹ ਵਿੱਚ ਪਹਾੜ ਖੜ੍ਹੇ ਹੋ ਜਾਂਦੇ ਹਨ
ਅਤੇ ਉਨ੍ਹਾਂ ਦੀ ਛਾਂ ਮੇਰੇ ਉੱਤੇ ਪੈ ਜਾਂਦੀ ਹੈ
ਮੈਂ ਸੋਚਦਾ ਹਾਂ, ਕੌਣ ਮੇਰੀ ਪੁਕਾਰ ਸੁਣੇਗਾ
ਕੌਣ ਮੈਨੂੰ ਮੇਰੀ ਮੰਜ਼ਿਲ ਤੱਕ ਲੈ ਜਾਵੇਗਾ

ਪ੍ਰੀ-ਕੋਰਸ 1

ਫਿਰ ਮੈਂ ਆਪਣੀਆਂ ਅੱਖਾਂ ਉੱਪਰ ਚੁੱਕਦਾ ਹਾਂ
ਤੈਨੂੰ ਵੇਖਣ ਲਈ, ਹੇ ਪਰਮੇਸ਼ੁਰ
ਧਰਤੀ ਦੇ ਰਚਨਹਾਰ
ਅਤੇ ਉੱਪਰ ਅਕਾਸ਼ ਦੇ ਸਿਰਜਣਹਾਰ
ਮੈਂ ਜਾਣਦਾ ਹਾਂ ਮੇਰੀ ਮਦਦ
ਤੇਰੇ ਕੋਲੋਂ ਆਉਂਦੀ ਹੈ, ਪ੍ਰਭੂ
ਤੇਰੇ ਪਿਆਰ ਨਾਲ ਘਿਰਿਆ ਹੋਇਆ (x2)

ਕੋਰਸ

ਤੇਰੇ ਪਿਆਰ ਨਾਲ
ਤੇਰੇ ਅਥਾਹ ਪਿਆਰ ਨਾਲ
ਰਾਤ ਦਿਨ ਤੂੰ ਉੱਪਰੋਂ ਵੇਖਦਾ ਹੈਂ
ਤੂੰ ਮੈਨੂੰ ਡਗਮਗਾਉਣ ਨਹੀਂ ਦੇਵੇਂਗਾ
ਤੂੰ ਮੈਨੂੰ ਡਿੱਗਣ ਨਹੀਂ ਦੇਵੇਂਗਾ
ਹੇ ਅਥਾਹ ਪਿਆਰ ਦੇ ਪਿਤਾ

ਅੰਤਰਾ 2:

ਜਦੋਂ ਮੈਂ ਦਿਨ ਦੀ ਰੌਸ਼ਨੀ ਵਿੱਚ ਰਹਿੰਦਾ ਹਾਂ
ਜਾਂ ਰਾਤ ਦੇ ਹਨੇਰੇ ਵਿੱਚ

ਮੈਂ ਤੇਰੇ ਪਰਾਂ ਹੇਠ ਲੁਕ ਜਾਂਦਾ ਹਾਂ
ਤੂੰ ਮੈਨੂੰ ਕਦੇ ਨਹੀਂ ਛੱਡੇਂਗਾ

ਪ੍ਰੀ-ਕੋਰਸ 2
ਇਸ ਲਈ ਮੈਂ ਆਪਣੀਆਂ ਅੱਖਾਂ
ਤੇਰੇ ਉੱਤੇ ਟਿਕਾਉਂਦਾ ਹਾਂ,
ਹੇ ਮੇਰੇ ਪਰਮੇਸ਼ੁਰ
ਧਰਤੀ ਦੇ ਰਚਨਹਾਰ
ਅਤੇ ਉੱਪਰ ਅਕਾਸ਼ ਦਾ ਸਿਰਜਣਹਾਰ
ਮੈਂ ਜਾਣਦਾ ਹਾਂ ਮੇਰੀ ਮਦਦ
ਤੇਰੇ ਵੱਲੋਂ ਆਉਂਦੀ ਹੈ, ਪ੍ਰਭੂ
ਤੇਰੇ ਪਿਆਰ ਨਾਲ ਘਿਰਿਆ ਹੋਇਆ (x2)

ਪੁਲ:
ਘਿਰਿਆ ਹੋਇਆ, ਘਿਰਿਆ ਹੋਇਆ
ਤੇਰੇ ਪਿਆਰ ਨਾਲ ਘਿਰਿਆ ਹੋਇਆ (x4)

ਜੀਵਨ ਤੋਂ ਵੀ ਉੱਤਮ

ਜ਼ਬੂਰ 63

ਏਪੀਸੀ ਮਿਊਜ਼ਿਕ (apcmusic.org)

ਅੰਤਰਾ 1

ਹੇ ਪਰਮੇਸ਼ੁਰ, ਅਸੀਂ ਤੈਨੂੰ ਚਾਹੁੰਦੇ ਹਾਂ
ਤੇਰੇ ਲਈ ਤਰਸਦੇ ਹਾਂ
ਸੁੱਕੀ ਅਤੇ ਧੂੜ ਭਰੀ ਧਰਤੀ ਵਿੱਚ
ਤੂੰ ਸਾਡਾ ਆਸਰਾ ਹੈਂ
ਹੇ ਪਰਮੇਸ਼ੁਰ, ਅਸੀਂ ਤੇਰੀ ਸਚਿਆਈ ਲਈ ਭੁੱਖੇ ਹਾਂ
ਜਦੋਂ ਸਾਡੀ ਤਾਕਤ ਖ਼ਤਮ ਹੋ ਜਾਂਦੀ ਹੈ
ਸਾਡੇ ਪ੍ਰਾਣ ਤੈਨੂੰ ਪੁਕਾਰਦੇ ਹਨ

ਕੋਰਸ

ਕਿਉਂਕਿ ਤੇਰਾ ਪਿਆਰ ਜੀਵਨ ਤੋਂ ਵੀ ਉੱਤਮ ਹੈ
ਤੈਥੋਂ ਸਾਡੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ
ਸਾਡੇ ਬੁੱਲ੍ਹ ਤੇਰੀ ਸਿਫ਼ਤ ਗਾਉਂਦੇ ਹਨ
ਅਸੀਂ ਆਪਣੇ ਹੱਥ ਚੁੱਕ ਕੇ ਪ੍ਰਾਰਥਨਾ ਕਰਦੇ ਹਾਂ
ਤੇਰਾ ਪਿਆਰ ਜੀਵਨ ਤੋਂ ਵੀ ਉੱਤਮ ਹੈ

ਅੰਤਰਾ 2

ਪ੍ਰਾਰਥਨਾ ਵਿੱਚ ਅਸੀਂ
ਤੇਰਾ ਪਰਤਾਪਵਾਨ ਚਿਹਰਾ ਨਿਹਾਰਦੇ ਹਾਂ
ਅਸੀਂ ਇੱਥੇ ਖੜ੍ਹੇ ਹਾਂ
ਹੱਕੇ-ਬੱਕੇ ਅਤੇ ਹੈਰਾਨ

ਅਤੇ ਸਦਾ, ਪ੍ਰਭੂ
ਅਸੀਂ ਤੇਰੇ ਨਾਮ ਨੂੰ ਧੰਨ ਕਹਾਂਗੇ
ਸਾਡੇ ਡਰ ਨੂੰ ਦੂਰ ਕਰ, ਆਪਣੀ ਅਤੁੱਲ ਕਿਰਪਾ ਨਾਲ

ਪੁਲ

ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ
ਕੋਈ ਵੀ ਚੀਜ਼ ਨਹੀਂ
ਤੇਰੇ ਅਟੱਲ ਪਿਆਰ ਵਰਗੀ

ਵਿਸ਼ੇ-ਸੂਚੀ

ਜਾਣ-ਪਛਾਣ

1. ਅਨੰਤ ਪਰਮੇਸ਼ੁਰ, ਸਾਡਾ ਸਵਰਗੀ ਪਿਤਾ 1
2. ਅਸੀਮ ਪਿਆਰ 15
3. ਸਾਡੇ ਸਵਰਗੀ ਪਿਤਾ ਦੀ ਅਸਲੀ ਤਸਵੀਰ 28
4. ਪਿਤਾ ਦੇ ਪਿਆਰ ਨੂੰ ਕਬੂਲ ਕਰਨਾ 39
5. ਪਿਤਾ ਦੇ ਪਿਆਰ ਵਿੱਚ ਬਣੇ ਰਹੋ 56
6. ਪਿਆਰ ਜੋ ਅਨੁਸ਼ਾਸ਼ਿਤ ਕਰਦਾ ਹੈ 70
7. ਆਪਣੇ ਸਵਰਗੀ ਪਿਤਾ ਦੀ ਨਕਲ ਕਰਨਾ 77

ਜਾਣ-ਪਛਾਣ

ਪਰਮੇਸ਼ੁਰ ਬਾਰੇ ਤੁਹਾਡੀ ਸਮਝ ਅਤੇ ਪਰਕਾਸ਼, ਪਰਮੇਸ਼ੁਰ ਨਾਲ ਤੁਹਾਡੇ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ। ਪਰਮੇਸ਼ੁਰ ਨਾਲ ਤੁਹਾਡਾ ਰਿਸ਼ਤਾ ਹੋਰ ਲੋਕਾਂ ਨਾਲ ਤੁਹਾਡੇ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਪਵਿੱਤਰ ਬਾਈਬਲ ਪਰਮੇਸ਼ੁਰ ਦੇ ਕਈ ਪੱਖਾਂ ਨੂੰ ਪ੍ਰਗਟ ਕਰਦੀ ਹੈ। ਇਨ੍ਹਾਂ ਵਿੱਚੋਂ, ਸਭ ਤੋਂ ਸ਼ਕਤੀਸ਼ਾਲੀ ਪਰਕਾਸ਼ਾਂ ਵਿੱਚੋਂ ਇੱਕ ਹੈ, ਪਿਤਾ ਦਾ ਪਰਕਾਸ਼। ਪਰਮੇਸ਼ੁਰ ਸਾਡਾ ਸਵਰਗੀ ਪਿਤਾ ਹੈ। ਪ੍ਰਭੂ ਯਿਸੂ ਨੇ ਸਾਨੂੰ ਸਿਖਾਇਆ ਕਿ ਅਸੀਂ ਪਰਮੇਸ਼ੁਰ ਨੂੰ "ਸਾਡਾ ਪਿਤਾ" ਕਹਿ ਕੇ ਬੁਲਾਈਏ। ਪਵਿੱਤਰ ਬਾਈਬਲ ਸਾਡੇ ਲਈ ਪਿਤਾ ਦੇ ਪਿਆਰ ਨੂੰ ਪ੍ਰਗਟ ਕਰਦੀ ਹੈ। ਇਹ ਪੁਸਤਕ ਪਿਤਾ ਦੇ ਪਿਆਰ ਦਾ ਅਧਿਐਨ ਹੈ। ਸਾਡੇ ਪ੍ਰਤੀ ਪਿਤਾ ਦੇ ਪਿਆਰ ਦੀ ਸਮਝ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਅਸੀਂ ਪਰਮੇਸ਼ੁਰ ਨਾਲ ਕਿਵੇਂ ਪਿਆਰ ਕਰਦੇ ਹਾਂ, ਆਪਣੇ ਆਪ ਨਾਲ ਕਿਵੇਂ ਪਿਆਰ ਕਰਦੇ ਹਾਂ ਅਤੇ ਦੂਜਿਆਂ ਨਾਲ ਕਿਵੇਂ ਪਿਆਰ ਕਰਦੇ ਹਾਂ।

ਪਹਿਲਾ ਹੁਕਮ ਇਹ ਹੈ ਕਿ ਆਪਣੀ ਪੂਰੀ ਜਾਨ ਨਾਲ ਪਰਮੇਸ਼ੁਰ ਨਾਲ ਪਿਆਰ ਕਰ। ਦੂਜਾ ਹੁਕਮ ਇਹ ਹੈ ਕਿ ਅਸੀਂ ਦੂਸਰਿਆਂ ਨਾਲ ਆਪਣੇ ਵਰਗਾ ਪਿਆਰ ਕਰੀਏ। ਅਸੀਂ ਪਰਮੇਸ਼ੁਰ ਨਾਲ ਪਿਆਰ ਕਰਦੇ ਹਾਂ ਕਿਉਂਕਿ ਉਸ ਨੇ ਵੀ ਪਹਿਲਾਂ ਸਾਡੇ ਨਾਲ ਪਿਆਰ ਕੀਤਾ। ਜਦੋਂ ਅਸੀਂ ਇਹ ਸਮਝਦੇ ਹਾਂ ਕਿ ਉਸ ਨੇ ਸਾਡੇ ਨਾਲ ਕਿੰਨਾ ਪਿਆਰ ਕੀਤਾ ਹੈ, ਤਦ ਪਰਮੇਸ਼ੁਰ ਲਈ ਸਾਡਾ ਪਿਆਰ ਹੋਰ ਡੂੰਘਾ ਹੋ ਜਾਂਦਾ ਹੈ। ਜਦੋਂ ਅਸੀਂ ਸਮਝਦੇ ਹਾਂ ਕਿ ਉਸ ਨੇ ਸਾਡੇ ਨਾਲ ਕਿੰਨਾ ਪਿਆਰ ਕੀਤਾ ਹੈ, ਤਦ ਅਸੀਂ ਆਪਣੇ ਆਪ ਨਾਲ ਪਿਆਰ ਕਰਨਾ ਸਿੱਖਦੇ ਹਾਂ। ਜਦੋਂ ਅਸੀਂ ਆਪਣੇ ਆਪ ਨਾਲ ਪਿਆਰ ਕਰਦੇ ਹਾਂ, ਤਦ ਅਸੀਂ ਦੂਸਰਿਆਂ ਨਾਲ ਵੀ ਪਿਆਰ ਕਰ ਸਕਦੇ ਹਾਂ। ਜਦੋਂ ਅਸੀਂ ਸਮਝਦੇ ਹਾਂ ਕਿ ਪਰਮੇਸ਼ੁਰ ਸਾਨੂੰ ਕਿੰਨੀ ਮਹੱਤਤਾ ਦਿੰਦਾ ਹੈ, ਤਦ ਅਸੀਂ ਆਪਣੇ ਆਪ ਨੂੰ ਵੀ ਕੀਮਤੀ ਸਮਝਣ ਲੱਗ ਪੈਂਦੇ ਹਾਂ ਅਤੇ ਜਦੋਂ ਅਸੀਂ ਆਪਣੇ ਆਪ ਨੂੰ ਕੀਮਤੀ ਸਮਝਦੇ ਹਾਂ, ਤਦ ਅਸੀਂ ਦੂਜਿਆਂ ਨੂੰ ਵੀ ਕੀਮਤੀ ਜਾਣਦੇ ਹਾਂ।

ਅਕਸਰ ਅਸੀਂ ਦੂਸਰਿਆਂ ਨਾਲ ਓਸੇ ਤਰ੍ਹਾਂ ਵਰਤਾਅ ਕਰਦੇ ਹਾਂ ਜਿਵੇਂ ਅਸੀਂ ਆਪਣੇ ਆਪ ਨਾਲ ਕਰਦੇ ਹਾਂ। ਜੇ ਅਸੀਂ ਆਪਣੇ ਆਪ ਦੀ ਨਿੰਦਾ ਕਰਦੇ ਹਾਂ ਜਾਂ ਆਪਣੇ ਆਪ ਨੂੰ ਸਜ਼ਾ ਦਿੰਦੇ ਹਾਂ, ਤਾਂ ਅਸੀਂ ਦੂਸਰਿਆਂ ਨਾਲ ਵੀ ਓਸੇ ਤਰ੍ਹਾਂ ਵਰਤਦੇ ਹਾਂ। ਪਰਮੇਸ਼ੁਰ ਦੇ ਪਿਆਰ ਦੀ ਸਾਡੀ ਸਮਝ ਸਾਨੂੰ ਆਪਣੇ ਅਤੇ ਦੂਜਿਆਂ ਪ੍ਰਤੀ ਨਕਾਰਾਤਮਕ ਸੋਚ ਤੋਂ ਅਜ਼ਾਦ ਕਰਦੀ ਹੈ।

ਸਵਰਗ ਵਿੱਚ, ਸਾਡਾ ਪਿਤਾ ਪਰਮੇਸ਼ੁਰ ਸਾਨੂੰ ਬਿਨ੍ਹਾਂ ਸ਼ਰਤ ਅਤੇ ਬੇਹੱਦ ਪਿਆਰ ਕਰਦਾ ਹੈ। ਸਾਡੇ ਪ੍ਰਤੀ ਪਿਤਾ ਦੇ ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਅਤੇ ਸਬੂਤ ਯਿਸੂ ਮਸੀਹ ਦੀ ਸਲੀਬ ਹੈ। ਜਦੋਂ ਅਸੀਂ ਸਾਡੇ ਲਈ ਪਿਤਾ ਦੇ ਪਿਆਰ ਨੂੰ ਜਾਣਦੇ ਹਾਂ, ਉਸ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਉਸ ਵਿੱਚ ਅਰਾਮ ਪਾਉਂਦੇ ਹਾਂ, ਤਦ ਸਭ ਕੁਝ ਬਦਲ ਜਾਂਦਾ ਹੈ। ਅਸੀਂ ਚੰਗੇ ਹੋ ਜਾਂਦੇ ਹਾਂ, ਪੂਰਨ ਹੋ ਜਾਂਦੇ ਹਾਂ ਅਤੇ ਸਾਡੇ ਸਾਰੇ ਟੁੱਟੇਪਣ ਅਤੇ ਬੰਧਨਾਂ ਤੋਂ ਅਜ਼ਾਦ ਹੋ ਜਾਂਦੇ ਹਾਂ। ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਜੀਵਨ ਬਿਤਾਉਂਦੇ ਹਾਂ, ਤਦ ਅਸੀਂ ਓਸੇ ਤਰ੍ਹਾਂ ਪਿਆਰ ਕਰਦੇ ਹਾਂ ਜਿਵੇਂ ਸਾਡੇ ਨਾਲ ਪਿਆਰ ਕੀਤਾ ਗਿਆ ਹੈ। ਅਸੀਂ ਪਰਮੇਸ਼ੁਰ ਨਾਲ ਖੁੱਲ੍ਹੇ ਦਿਲ ਨਾਲ ਪਿਆਰ ਕਰਦੇ ਹਾਂ। ਅਸੀਂ ਦੂਸਰਿਆਂ ਨਾਲ ਵੀ ਖੁੱਲ੍ਹੇ ਦਿਲ ਨਾਲ ਪਿਆਰ ਕਰਦੇ ਹਾਂ। ਅਸੀਂ ਜਿੱਤ ਵਾਲਾ ਜੀਵਨ ਜੀਉਂਦੇ ਹਾਂ, ਅਜਿਹੇ ਲੋਕਾਂ ਵਾਂਗ ਜਿਨ੍ਹਾਂ ਨੇ ਜੀਵਨ ਦੀਆਂ ਸਾਰੀਆਂ ਚੁਣੌਤੀਆਂ ਅਤੇ ਹਨੇਰੇ ਦੀਆਂ ਤਾਕਤਾਂ ਨੂੰ ਪਰਮੇਸ਼ੁਰ ਦੇ ਅਟੱਲ ਪਿਆਰ ਰਾਹੀਂ ਜਿੱਤ ਲਿਆ ਹੈ।

ਇਹ ਪੁਸਤਕ ਸਾਨੂੰ ਇੱਕ ਅਜਿਹੇ ਸਫ਼ਰ ‘ਤੇ ਲੈ ਜਾਂਦੀ ਹੈ ਜਿੱਥੇ ਅਸੀਂ ਨਿੱਜੀ ਤੌਰ ‘ਤੇ ਪਿਤਾ ਦੇ ਪਿਆਰ ਨੂੰ ਜਾਣਦੇ ਅਤੇ ਅਨੁਭਵ ਕਰਦੇ ਹਾਂ। ਪਰਮੇਸ਼ੁਰ ਦੇ ਅਸੀਮ ਪਿਆਰ ਦੀਆਂ ਗਹਿਰਾਈਆਂ ਵਿੱਚ ਇੱਕ ਬਹੁਤ ਹੀ ਰੋਮਾਂਚਕ ਸਫ਼ਰ ਲਈ ਤਿਆਰ ਹੋ ਜਾਓ।

ਪਰਮੇਸ਼ੁਰ ਬਰਕਤ ਦੇਵੇ!
ਆਸ਼ਿਸ਼ ਰਾਏਚੂਰ

1
ਅਨੰਤ ਪਰਮੇਸ਼ੁਰ, ਸਾਡਾ ਸਵਰਗੀ ਪਿਤਾ

ਸਾਡਾ ਸਵਰਗੀ ਪਿਤਾ

ਮੱਤੀ 6:9
ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ,
ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ,
ਤੇਰਾ ਨਾਮ ਪਾਕ ਮੰਨਿਆ ਜਾਵੇ।

ਪਵਿੱਤਰ ਬਾਈਬਲ ਪਰਮੇਸ਼ੁਰ ਦੇ ਕਈ ਪੱਖਾਂ ਬਾਰੇ ਪ੍ਰਕਾਸ਼ ਪਾਉਂਦੀ ਹੈ ਕਿ ਪਰਮੇਸ਼ੁਰ ਕੌਣ ਹੈ। ਪਰਮੇਸ਼ੁਰ ਦੇ ਸਭ ਤੋਂ ਅਦਭੁੱਤ ਪੱਖਾਂ ਵਿੱਚੋਂ ਇੱਕ ਹੈ — ਪਿਤਾ ਹੋਣਾ। ਪ੍ਰਭੂ ਯਿਸੂ ਨੇ ਸਾਨੂੰ ਸਿਖਾਇਆ ਕਿ ਅਸੀਂ ਪਰਮੇਸ਼ੁਰ ਨੂੰ "ਸਾਡਾ ਪਿਤਾ ਜੋ ਸਵਰਗ ਵਿੱਚ ਹੈ" ਜਾਂ "ਸਵਰਗੀ ਪਿਤਾ" ਕਹੀਏ। ਪ੍ਰਭੂ ਯਿਸੂ ਅਕਸਰ ਪਰਮੇਸ਼ੁਰ ਲਈ "ਸਵਰਗੀ ਪਿਤਾ" ਅਤੇ "ਪਿਤਾ ਜੋ ਸਵਰਗ ਵਿੱਚ ਹੈ" ਇਹ ਸ਼ਬਦ ਵਰਤਦਾ ਸੀ।

ਇਹ ਸੋਚਣਾ ਹੀ ਅਦਭੁੱਤ ਹੈ ਕਿ ਇਹ ਅਨੰਤ, ਸਰਬ-ਸ਼ਕਤੀਮਾਨ, ਸਰਬ-ਗਿਆਨੀ, ਸਰਬ-ਵਿਆਪੀ, ਸਦਾ ਤੋਂ ਮੌਜੂਦ ਪਰਮੇਸ਼ੁਰ ਸਾਡਾ ਪਿਤਾ ਬਣਨਾ ਚਾਹੁੰਦਾ ਹੈ। ਪਿਤਾ ਹੋਣ ਦੇ ਨਾਤੇ ਉਸ ਦਾ ਪੁੱਤਰਾਂ ਅਤੇ ਧੀਆਂ ਦਾ ਪਰਿਵਾਰ ਹੈ, ਜਿਨ੍ਹਾਂ ਵਿੱਚੋਂ ਕੁਝ ਸਵਰਗ ਵਿੱਚ ਹਨ ਅਤੇ ਕੁਝ ਧਰਤੀ ਉੱਤੇ। ਇਸ ਪਰਿਵਾਰ ਨੂੰ ਉਸ ਤੋਂ ਆਪਣੀ ਪਹਿਚਾਣ ਮਿਲਦੀ ਹੈ। ਰਸੂਲ ਪੌਲੁਸ ਨੇ ਲਿਖਿਆ: *"ਇਸ ਕਾਰਨ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ। ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ"* (ਅਫ਼ਸੀਆਂ 3:14,15)।

ਉਹ ਆਪਣੇ ਆਪ ਵਿੱਚ ਪੂਰਾ ਅਤੇ ਸਵੈ-ਨਿਰਭਰ ਪਰਮੇਸ਼ੁਰ ਹੈ। ਉਹ ਕਿਸੇ ਉੱਤੇ ਨਿਰਭਰ ਨਹੀਂ ਹੈ। ਫਿਰ ਵੀ ਆਪਣੀ ਇੱਛਾ ਅਤੇ ਚੋਣ ਨਾਲ ਉਸ ਨੇ ਮਨੁੱਖਾਂ ਨੂੰ ਬਣਾਉਣ ਦਾ ਫੈਸਲਾ ਕੀਤਾ, ਤਾਂ ਜੋ ਉਹ ਉਸ ਦੇ ਆਪਣੇ "ਪੁੱਤਰ ਅਤੇ ਧੀਆਂ" ਬਣਨ, ਤਾਂ ਜੋ ਉਹ ਉਨ੍ਹਾਂ ਦਾ ਪਿਤਾ ਬਣ ਸਕੇ।

ਉਸ ਨੇ ਆਪਣੇ ਆਪ ਨੂੰ ਅਜਿਹੇ ਹਲਾਤ ਵਿੱਚ ਰੱਖਿਆ ਜਿੱਥੇ ਪਿਤਾ ਦੇ ਰੂਪ ਵਿੱਚ ਉਹ ਸਾਡੇ ਨਾਲ ਸੰਬੰਧ ਚਾਹੁੰਦਾ ਹੈ। ਇਸ ਅਰਥ ਵਿਚ, ਉਸ ਨੂੰ ਸਾਡੀ "ਲੋੜ" ਹੈ। ਉਹ ਚਾਹੁੰਦਾ ਹੈ ਕਿ ਅਸੀਂ ਉਸ ਨੂੰ ਜਾਣੀਏ ਅਤੇ ਪਿਤਾ ਵਜੋਂ ਉਸ ਦਾ ਅਨੰਦ ਮਾਣੀਏ।

1 ਯੂਹੰਨਾ 4:8
... ਪਰਮੇਸ਼ੁਰ ਪ੍ਰੇਮ ਹੈ।

ਪਵਿੱਤਰ ਬਾਈਬਲ ਸਾਨੂੰ ਇਹ ਵੀ ਦੱਸਦੀ ਹੈ ਕਿ ਪਰਮੇਸ਼ੁਰ ਪਿਆਰ ਹੈ। ਸਾਡਾ ਸਵਰਗੀ ਪਿਤਾ ਪਿਆਰ ਹੈ। ਜਿਵੇਂ ਅਸੀਂ ਇਸ ਅਧਿਐਨ ਰਾਹੀਂ ਜਾਣਾਂਗੇ, ਪਰਮੇਸ਼ੁਰ ਦਾ ਪਿਆਰ ਬਿਨ੍ਹਾਂ ਸ਼ਰਤਾਂ ਵਾਲਾ ਹੈ। ਉਸ ਦਾ ਪਿਆਰ ਬੇਅੰਤ ਹੈ। ਉਸ ਦਾ ਪਿਆਰ ਅਨੰਤ ਹੈ। ਪਰਮੇਸ਼ੁਰ ਇਸੇ ਤਰ੍ਹਾਂ ਪਿਆਰ ਕਰਦਾ ਹੈ।

ਅਕਸਰ, ਜਦੋਂ ਅਸੀਂ "ਪਿਤਾ" ਸ਼ਬਦ ਬਾਰੇ ਸੋਚਦੇ ਹਾਂ, ਤਾਂ ਅਸੀਂ ਆਪਣੇ ਸਰੀਰਕ ਪਿਤਾ ਜਾਂ ਮਾਤਾ-ਪਿਤਾ ਨਾਲ ਆਪਣੇ ਅਨੁਭਵਾਂ ਨੂੰ ਯਾਦ ਕਰਦੇ ਹਾਂ। ਸਾਡੇ ਵਿੱਚੋਂ ਕੁਝ ਲੋਕਾਂ ਲਈ "ਪਿਤਾ" ਸ਼ਬਦ ਮਿੱਠਾ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਦਾ ਆਪਣੇ ਪਿਤਾ ਨਾਲ ਅਨੁਭਵ ਚੰਗਾ ਰਿਹਾ ਹੋਵੇਗਾ। ਪਰ ਕਈਆਂ ਲਈ "ਪਿਤਾ" ਸ਼ਬਦ ਦਰਦ ਅਤੇ ਵਿਦਰੋਹ ਨਾਲ ਭਰਿਆ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਦੇ ਅਨੁਭਵ ਦੁਖਦਾਈ ਰਹੇ ਹੋਣਗੇ।

ਇਹ ਪੁਸਤਕ ਸਾਡੇ ਸਵਰਗੀ ਪਿਤਾ ਬਾਰੇ ਹੈ, ਜੋ ਕਿਸੇ ਵੀ ਸਰੀਰਕ ਪਿਤਾ ਨਾਲੋਂ ਕਿਤੇ ਵੱਧ ਉੱਚਾ, ਚੰਗਾ ਅਤੇ ਵੱਖਰਾ ਹੈ। ਪਰਮੇਸ਼ੁਰ ਕਿਸੇ ਬੁਰੇ ਸਰੀਰਕ ਪਿਤਾ ਵਰਗਾ ਨਹੀਂ ਹੈ। ਇਸ ਲਈ, ਸਰੀਰਕ ਮਾਪੇ ਜਾਂ ਪਿਤਾ ਦੇ ਅਨੁਭਵਾਂ ਰਾਹੀਂ ਪਰਮੇਸ਼ੁਰ ਨੂੰ ਨਾ ਦੇਖੋ। ਤੁਹਾਡੇ ਭੂਤਕਾਲ ਦੇ ਨਕਾਰਾਤਮਕ ਅਨੁਭਵ ਤੁਹਾਨੂੰ ਤੁਹਾਡੇ ਸਵਰਗੀ ਪਿਤਾ ਦੇ ਨੇੜੇ ਆਉਣ ਤੋਂ ਨਾ ਰੋਕਣ। ਇਸ ਅਧਿਐਨ ਦਾ ਉਦੇਸ਼ ਹੈ ਸਾਡੇ ਸਵਰਗੀ ਪਿਤਾ ਦੇ ਪਿਆਰ ਨੂੰ ਜਾਣਨਾ ਅਤੇ ਅਨੁਭਵ ਕਰਨਾ। ਇਹ ਜੀਵਨ ਨੂੰ ਬਦਲ ਦੇਣ ਵਾਲਾ ਹੈ। ਕੋਈ ਵੀ ਗੱਲ ਤੁਹਾਨੂੰ ਪਿਤਾ ਦੇ ਪਿਆਰ ਨੂੰ ਜਾਣਨ ਅਤੇ ਅਨੁਭਵ ਕਰਨ ਤੋਂ ਨਾ ਰੋਕੇ।

ਪਰਮੇਸ਼ੁਰ ਰਿਸ਼ਤੇ ਰੱਖਣ ਵਾਲਾ ਪਰਮੇਸ਼ੁਰ ਹੈ

ਯੂਹੰਨਾ 17:24
ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ ਮੇਰੇ ਨਾਲ ਹੋਣ ਤਾਂ

ਜੋ ਓਹ ਮੇਰੀ ਵਡਿਆਈ ਜੋ ਤੈਂ ਮੈਨੂੰ ਦਿੱਤੀ ਹੈ ਵੇਖਣ ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ।

ਜਗਤ ਦੀ ਰਚਨਾ ਤੋਂ ਪਹਿਲਾਂ ਹੀ ਤ੍ਰਿਏਕ ਪਰਮੇਸ਼ੁਰ ਵਿੱਚ ਪਿਆਰ ਸੀ। ਪਰਮੇਸ਼ੁਰ ਵਿੱਚ ਪਿਆਰ ਸੀ। ਪਰਮੇਸ਼ੁਰ ਪਿਆਰ ਸੀ ਅਤੇ ਹੈ, ਕਿਉਂਕਿ ਪਰਮੇਸ਼ੁਰ ਪਿਆਰ ਹੈ। ਪਿਤਾ, ਵਚਨ ਅਤੇ ਪਵਿੱਤਰ ਆਤਮਾ ਦੇ ਵਿਚਕਾਰ-ਅਨਾਦੀ ਸਮੇਂ ਤੋਂ ਪਿਆਰ ਹੈ।

ਇਸ ਤੋਂ ਅਸੀਂ ਸਿੱਖਦੇ ਹਾਂ ਕਿ ਪਰਮੇਸ਼ੁਰ ਇੱਕ ਰਿਸ਼ਤਾ ਬਣਾਉਣ ਵਾਲਾ ਪਰਮੇਸ਼ੁਰ ਹੈ। ਪਰਮੇਸ਼ੁਰ ਪਿਆਰ ਕਰਦਾ ਹੈ ਅਤੇ ਉਸ ਨਾਲ ਪਿਆਰ ਕੀਤਾ ਜਾ ਸਕਦਾ ਹੈ।

ਮਰਕੁਸ 12:29-31
29 ਯਿਸੂ ਨੇ ਜਵਾਬ ਦਿੱਤਾ ਭਈ ਮੁੱਖ ਇਹ ਹੈ ਕਿ ਹੇ ਇਸਰਾਏਲ, ਸੁਣ। ਪ੍ਰਭੂ ਸਾਡਾ ਪਰਮੇਸ਼ੁਰ ਇੱਕੋ ਪ੍ਰਭੂ ਹੈ।
30 ਅਰ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ।
31 ਦੂਆ ਇਹ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਤੋਂ ਵੱਡਾ ਹੋਰ ਕੋਈ ਹੁਕਮ ਨਹੀਂ ਹੈ।

ਪ੍ਰਭੂ ਯਿਸੂ ਮਸੀਹ ਵੱਲੋਂ ਦਿੱਤੀ ਗਈ ਸਭ ਤੋਂ ਪਹਿਲਾ ਹੁਕਮ ਇਹ ਹੈ ਕਿ ਅਸੀਂ ਆਪਣੇ ਪੂਰੇ ਦਿਲ, ਅਰਥਾਤ ਜੋ ਕੁਝ ਸਾਡੇ ਕੋਲ ਹੈ, ਉਸ ਆਤਮਾ, ਮਨ ਅਤੇ ਤਾਕਤ ਨਾਲ ਪਿਆਰ ਕਰੀਏ। ਇਸ ਤੋਂ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਨਾਲ ਪਿਆਰ ਕੀਤਾ ਜਾ ਸਕਦਾ ਹੈ। ਉਹ ਸਾਡੇ ਪਿਆਰ ਨੂੰ ਕਬੂਲ ਕਰਦਾ ਹੈ। ਉਸ ਦੇ ਪ੍ਰਤੀ ਸਾਡੇ ਪਿਆਰ ਦੀ ਉਹ ਖੁਸ਼ੀ ਦਾ ਅਨੁਭਵ ਕਰਦਾ ਹੈ। ਸਾਡੇ ਪਿਆਰ ਨੂੰ ਛੂਹ ਲੈਂਦਾ ਹੈ। ਆਪਣੇ ਲਈ ਉਹ ਸਾਡੇ ਪਿਆਰ ਨੂੰ ਮਹਿਸੂਸ ਕਰਦਾ ਹੈ। ਜਦ ਅਸੀਂ ਉਸ ਦੀ ਵੱਲ ਵੇਖਦੇ ਅਤੇ ਦਿਲ ਦੀ ਸਚਿਆਈ ਨਾਲ ਉਸ ਨੂੰ ਕਹਿੰਦੇ ਹਾਂ, *"ਪਿਤਾ, ਮੈਂ ਤੁਹਾਨੂੰ ਪਿਆਰ ਕਰਦਾ ਹਾਂ," "ਪ੍ਰਭੂ ਯਿਸੂ, ਮੈਂ ਤੁਹਾਨੂੰ ਪਿਆਰ ਕਰਦਾ ਹਾਂ," "ਪਵਿੱਤਰ ਆਤਮਾ ਮੈਂ ਤੁਹਾਨੂੰ ਪਿਆਰ ਕਰਦਾ ਹਾਂ, "* ਉਹ ਇਸ ਨੂੰ ਮਹਿਸੂਸ ਕਰਦਾ ਹੈ।

ਅਸੀਂ ਉਸ ਦੇ ਸਰੂਪ ਵਿੱਚ ਬਣਾਏ ਗਏ ਹਾਂ। ਸਾਡਾ ਸੁਭਾਅ ਰਿਸ਼ਤੇ ਬਣਾਉਣ ਵਾਲਾ ਹੈ। ਅਸੀਂ ਪਿਆਰ ਕਰ ਸਕਦੇ ਹਾਂ ਅਤੇ ਸਾਡੇ ਨਾਲ ਪਿਆਰ

ਕੀਤਾ ਜਾ ਸਕਦਾ ਹੈ। ਸਾਨੂੰ ਪਰਮੇਸ਼ੁਰ ਅਤੇ ਲੋਕਾਂ ਨਾਲ ਪਿਆਰ ਕਰਨ ਲਈ ਬਣਾਇਆ ਗਿਆ ਹੈ। ਅਸੀਂ ਪਿਆਰ ਪ੍ਰਾਪਤ ਕਰਨ—ਲਈ ਵੀ ਬਣਾਏ ਗਏ ਹਾਂ।

ਅਸੀਂ ਰਿਸ਼ਤੇ ਬਣਾਉਣ ਲਈ ਬਣਾਏ ਗਏ ਹਾਂ ਅਤੇ ਅਸੀਂ ਪਰਿਵਾਰਾਂ ਵਿੱਚ ਜਨਮ ਲੈਂਦੇ ਹਾਂ। ਇਸ ਦਾ ਇੱਕ ਹਿੱਸਾ ਇਹ ਹੈ ਕਿ ਅਸੀਂ ਬੱਚੇ ਹਾਂ ਅਤੇ ਆਪਣੇ ਮਾਪਿਆਂ ਦੇ ਪਿਆਰ, ਸਨੇਹ, ਦੇਖਭਾਲ, ਹੌਂਸਲੇ ਅਤੇ ਪ੍ਰਸ਼ੰਸਾ ਦੀ ਇੱਛਾ ਰੱਖਦੇ ਹਾਂ।

ਪਰਮੇਸ਼ੁਰ ਨੇ ਸਾਨੂੰ ਆਪਣੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਪਿਆਰ ਦਾ ਕੇਂਦਰ ਬਣਾਇਆ ਹੈ

ਅਫ਼ਸੀਆਂ 1:4,5

4 ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁੱਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।

5 ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋਂ ਹੀ ਠਹਿਰਾਇਆ।

ਅਫ਼ਸੀਆਂ 1:4,5 (ਜਿਵੇਂ ਕਿ ਦ ਮੈਸੇਜ ਬਾਈਬਲ ਵਿੱਚ ਦਿੱਤਾ ਗਿਆ ਹੈ)

4 ਦੁਨੀਆਂ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਅਸੀਂ ਉਸ ਦੇ ਮਨ ਵਿੱਚ ਸੀ। ਉਸ ਨੇ ਆਪਣੇ ਪਿਆਰ ਦਾ ਨਿਸ਼ਾਨਾ ਸਾਨੂੰ ਬਣਾਇਆ ਤਾਂ ਜੋ ਅਸੀਂ ਉਸ ਦੇ ਪਿਆਰ ਰਾਹੀਂ ਪਵਿੱਤਰ ਅਤੇ ਪੂਰੇ ਬਣੀਏ।

5 ਬਹੁਤ ਪਹਿਲਾਂ ਹੀ ਉਸ ਨੇ ਇਹ ਨਿਰਣੇ ਕਰ ਲਿਆ ਸੀ ਕਿ ਉਹ ਯਿਸੂ ਮਸੀਹ ਦੇ ਰਾਹੀਂ ਸਾਨੂੰ ਆਪਣੇ ਪਰਿਵਾਰ ਵਿੱਚ ਗੋਦ ਲਏਗਾ। (ਇਸ ਯੋਜਨਾ ਨੂੰ ਬਣਾਉਣ ਵਿੱਚ ਉਸ ਨੂੰ ਕਿੰਨੀ ਖੁਸ਼ੀ ਮਿਲੀ!)

"ਜਗਤ ਦੀ ਰਚਨਾ ਤੋਂ ਪਹਿਲਾਂ ਹੀ ਪਰਮੇਸ਼ੁਰ ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਅਜਿਹੇ ਲੋਕਾਂ ਨੂੰ ਆਪਣੇ ਲਈ ਚੁਣੇਗਾ ਜੋ ਮਸੀਹ ਵਿੱਚ ਹੋਣਗੇ, ਪਵਿੱਤਰ ਅਤੇ ਦੋਸ਼ ਰਹਿਤ ਹੋਣਗੇ ਅਤੇ ਉਸ ਦੇ ਪਿਆਰ ਨਾਲ ਢੱਕੇ ਹੋਏ ਹੋਣਗੇ। ਉਸ ਨੇ ਇਹ ਵੀ ਠਹਿਰਾਇਆ ਕਿ ਉਹ ਉਨ੍ਹਾਂ ਨੂੰ ਆਪਣੇ ਹੀ ਪਰਿਵਾਰ ਵਿੱਚ ਪੁੱਤਰਾਂ ਅਤੇ ਧੀਆਂ ਵਾਂਗ ਗੋਦ ਲਵੇਗਾ, ਉਨ੍ਹਾਂ ਦਾ ਪਿਤਾ ਹੋਵੇਗਾ ਅਤੇ ਉਹ ਉਸ ਨੂੰ ਆਪਣੇ ਪਿਤਾ ਦੇ ਨਾਮ ਨਾਲ ਬੁਲਾਉਣਗੇ। ਇਹ ਸਭ *"ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ"* (ਅਫ਼ਸੀਆਂ 1:5) ਸੀ। ਉਹ ਇਹ ਕਰਨ ਲਈ ਉਤਸੁਕ ਸੀ ਅਤੇ ਇਸ ਵਿੱਚ ਉਸ ਨੂੰ ਖੁਸ਼ੀ ਸੀ।

ਇਸ ਤੋਂ ਪਿਤਾ ਦਾ ਦਿਲ ਪ੍ਰਗਟ ਹੁੰਦਾ ਹੈ, ਜੋ ਪੁੱਤਰਾਂ ਅਤੇ ਧੀਆਂ ਨੂੰ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ। ਪਰਮੇਸ਼ੁਰ ਦੀ ਇੱਛਾ ਇਹ ਹੈ ਕਿ ਉਹ ਸਾਡੇ ਨਾਲ ਪੁੱਤਰਾਂ ਅਤੇ ਧੀਆਂ ਵਾਂਗ ਰਿਸ਼ਤਾ ਅਤੇ ਨੇੜਤਾ ਬਣਾਏ ਅਤੇ ਅਸੀਂ ਉਸ ਨੂੰ ਆਪਣੇ ਸਵਰਗੀ ਪਿਤਾ ਵਜੋਂ ਜਾਣੀਏ। ਜਗਤ ਦੀ ਰਚਨਾ ਤੋਂ ਪਹਿਲਾਂ ਹੀ ਇਹ ਉਸ ਦੇ ਦਿਲ ਦੀ ਇੱਛਾ ਰਹੀ ਹੈ। ਸਾਡੀ ਸਰਿਸ਼ਟੀ ਦਾ ਕਾਰਣ ਵੀ ਇਹੀ ਹੈ। ਉਸ ਨੇ ਸਾਨੂੰ ਇਸ ਲਈ ਬਣਾਇਆ ਤਾਂ ਜੋ ਅਸੀਂ ਉਸ ਦੇ ਪੁੱਤਰ ਅਤੇ ਧੀਆਂ ਹੋਈਏ ਅਤੇ ਉਸ ਦੇ ਬੇਅੰਤ, ਬਿਨ੍ਹਾਂ ਸ਼ਰਤ ਵਾਲੇ ਪਿਆਰ ਦਾ ਕੇਂਦਰ ਬਣੀਏ।

ਜਗਤ ਦੀ ਸਰਿਸ਼ਟੀ ਤੋਂ ਪਹਿਲਾਂ ਹੀ ਪਿਆਰ ਮੌਜੂਦ ਸੀ ਅਤੇ ਪਿਆਰ ਕਰਕੇ ਹੀ ਜਗਤ ਦੀ ਰਚਨਾ ਹੋਈ।

ਪਿਆਰ ਪ੍ਰਾਪਤ ਕਰਨ ਦੀ ਸਾਡੀ ਸਮਰੱਥਾ ਦਾ ਬਹਾਲ ਕੀਤਾ ਜਾਣਾ

ਪਰ, ਪਾਪ ਦੇ ਕਾਰਨ ਅਸੀਂ ਟੁੱਟੇ ਹੋਏ ਹਾਂ। ਪਿਆਰ ਪ੍ਰਾਪਤ ਕਰਨ ਦੀ ਸਾਡੀ ਸਮਰੱਥਾ ਟੁੱਟ ਗਈ ਹੈ। ਹੋਰਨਾਂ ਨੂੰ ਪਿਆਰ ਕਰਨ ਦੀ ਸਾਡੀ ਸਮਰੱਥਾ ਵਿੱਚ ਵੀ ਦਰਾਰ ਪੈ ਗਈ ਹੈ।

ਜਦੋਂ ਪਿਆਰ ਕਰਨ ਅਤੇ ਪਿਆਰ ਲੈਣ ਦੀ ਸਮਰੱਥਾ ਟੁੱਟ ਜਾਂਦੀ ਹੈ, ਤਾਂ ਅਸੀਂ ਅਣਜਾਣੇ ਵਿੱਚ ਕਈ ਅਜਿਹੀਆਂ ਗੱਲਾਂ ਕਰਦੇ ਹਾਂ ਜੋ ਸਾਡੇ ਭਾਵਨਾਤਮਕ ਜੀਵਨ ਦੇ ਆਲੇ-ਦੁਆਲੇ ਕੰਧਾਂ ਖੜ੍ਹੀਆਂ ਕਰ ਦਿੰਦੀਆਂ ਹਨ। ਅਸੀਂ ਆਪਣੇ ਆਪ ਨੂੰ ਕਹਿੰਦੇ ਹਾਂ ਕਿ ਅਸੀਂ ਪਿਆਰ ਤੋਂ ਬਿਨ੍ਹਾਂ ਵੀ ਜੀ ਸਕਦੇ ਹਾਂ। ਅਸੀਂ ਆਪਣੇ ਆਪ ਨੂੰ ਲੋਕਾਂ ਤੋਂ ਦੂਰ ਕਰ ਲੈਂਦੇ ਹਾਂ। ਲੋਕਾਂ ਨਾਲ ਮਿਲਣਾ ਘਟਾ ਦਿੰਦੇ ਹਾਂ। ਕਿਸੇ ਦੇ ਬਹੁਤ ਨੇੜੇ ਨਹੀਂ ਜਾਂਦੇ। ਅਸੀਂ ਆਪਣੇ ਆਪ ਨੂੰ ਭਾਵਨਾਤਮਕ ਤੌਰ 'ਤੇ ਹੋਰਨਾਂ ਤੋਂ ਵੱਖ ਕਰ ਲੈਂਦੇ ਹਾਂ। ਜਦੋਂ ਇਹੀ ਗੱਲਾਂ ਵਿਆਹੁਤਾ ਜੀਵਨ ਵਿੱਚ ਆਉਂਦੀਆਂ ਹਨ, ਤਾਂ ਅਸੀਂ ਆਪਣੇ ਜੀਵਨ ਸਾਥੀ ਨਾਲ ਭਾਵਨਾਤਮਕ ਨੇੜਤਾ ਬਣਾਉਣ ਵਿੱਚ ਅਸਮਰੱਥ ਰਹਿ ਜਾਂਦੇ ਹਾਂ। ਭਾਵਨਾਤਮਕ ਨੇੜਤਾ ਬਹੁਤ ਔਖੀ ਲੱਗਦੀ ਹੈ ਕਿਉਂਕਿ ਅਸੀਂ ਆਪਣੇ ਆਲੇ-ਦੁਆਲੇ ਕੰਧਾਂ ਖੜ੍ਹੀਆਂ ਕਰ ਲਈਆਂ ਹੁੰਦੀਆਂ ਹਨ। ਫਿਰ ਮਾਪਿਆਂ ਵਜੋਂ ਵੀ ਅਸੀਂ ਆਪਣੇ ਬੱਚਿਆਂ ਨੂੰ ਭੌਤਿਕ ਚੀਜ਼ਾਂ ਤਾਂ ਦੇਣਾ ਚਾਹੁੰਦੇ ਹਾਂ, ਪਰ ਇੱਕ ਪਿਆਰ ਕਰਨ ਵਾਲੇ ਮਾਪਿਆਂ (ਪਿਤਾ) ਵਾਂਗ ਸਨੇਹ ਅਤੇ ਮਮਤਾ ਜ਼ਾਹਿਰ ਕਰਨ ਵਿੱਚ ਕਮਜ਼ੋਰ ਰਹਿ ਜਾਂਦੇ ਹਾਂ। ਇਸ ਕਰਕੇ ਸਾਡੇ ਬੱਚੇ ਬਿਨ੍ਹਾਂ ਸ਼ਰਤ ਵਾਲੇ ਸੱਚੇ ਪਿਆਰ ਅਤੇ ਸਨੇਹ ਤੋਂ

ਵਾਂਝੇ ਰਹਿ ਕੇ ਵੱਡੇ ਹੁੰਦੇ ਹਨ।

ਅਜੀਬ ਗੱਲ ਇਹ ਹੈ ਕਿ ਪਿਆਰ ਕਰਨ ਅਤੇ ਪਿਆਰ ਲੈਣ ਦੀ ਟੁੱਟੀ ਸਮਰੱਥਾ ਨਾਲ ਵੀ ਅਸੀਂ ਜੀਵਨ ਦੀਆਂ ਗ਼ਲਤ ਚੀਜ਼ਾਂ ਨਾਲ "ਬੱਝ" ਜਾਂਦੇ ਹਾਂ ਜਾਂ ਭਾਵਨਾਤਮਕ ਰਿਸ਼ਤੇ ਬਣਾ ਲੈਂਦੇ ਹਾਂ। ਅਸੀਂ ਆਪਣੇ ਕੰਮ, ਕਰੀਅਰ, ਸਫ਼ਲਤਾ, ਨਾਮ, ਸ਼ੋਹਰਤ, ਲੋਕਾਂ ਦੀ ਪ੍ਰਸ਼ੰਸਾ, ਮਾਨਤਾ, ਧਨ ਅਤੇ ਵਸਤਾਂ ਨਾਲ ਭਾਵਨਾਤਮਕ ਤੌਰ ਤੇ ਜੁੜ ਜਾਂਦੇ ਹਾਂ।

ਪਰਮੇਸ਼ੁਰ ਨਾਲ ਪਿਆਰ ਕਰਨ ਤੋਂ ਪਹਿਲਾਂ ਗ਼ਲਤ ਸੋਚ

ਫਿਰ ਅਸੀਂ ਆਪਣੀ ਇਸ ਟੁੱਟੀ ਹੋਈ ਹਾਲਤ ਵਿੱਚ ਪਰਮੇਸ਼ੁਰ ਨਾਲ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਸਾਡੇ ਅੰਦਰ ਗ਼ਲਤ ਧਾਰਨਾਵਾਂ ਅਤੇ ਗ਼ਲਤ ਸੋਚਾਂ ਹੁੰਦੀਆਂ ਹਨ, ਜੋ ਇਹ ਨਿਰਧਾਰਤ ਕਰਦੀਆਂ ਹਨ ਕਿ ਅਸੀਂ ਪਰਮੇਸ਼ੁਰ ਨਾਲ ਕਿਵੇਂ ਵਰਤਾਉ ਕਰਦੇ ਹਾਂ। ਅਸੀਂ ਇਨ੍ਹਾਂ ਗ਼ਲਤ ਵਿਚਾਰਾਂ ਨਾਲ ਪਰਮੇਸ਼ੁਰ ਦੇ ਕੋਲ ਜਾਂਦੇ ਹਾਂ। ਇਹ ਗ਼ਲਤ ਧਾਰਨਾਵਾਂ ਸਾਡੇ ਲਈ ਇਹ ਸਮਝਣਾ ਔਖਾ ਕਰ ਦਿੰਦੀਆਂ ਹਨ ਕਿ ਪਰਮੇਸ਼ੁਰ ਅਸਲ ਵਿੱਚ ਕੌਣ ਹੈ। ਸਾਡੀ ਪਰਮੇਸ਼ੁਰ ਬਾਰੇ ਤਸਵੀਰ (ਸੋਚ ਅਤੇ ਸਮਝ) ਅਤੇ ਧਾਰਣਾ ਅਕਸਰ ਖਰਾਬ, ਗ਼ਲਤ ਅਤੇ ਧੁੰਦਲੀ ਹੋ ਜਾਂਦੀ ਹੈ। ਅਸੀਂ ਆਪਣੇ ਸਵਰਗੀ ਪਿਤਾ ਦੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਵਾਲੇ ਪਿਆਰ ਨੂੰ ਕਬੂਲ ਕਰਨ, ਪ੍ਰਾਪਤ ਕਰਨ ਅਤੇ ਅਪਣਾਉਣ ਵਿੱਚ ਅਸਮਰੱਥ ਰਹਿ ਜਾਂਦੇ ਹਾਂ। ਇਹ ਗੱਲ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਵਿੱਚ ਰੁਕਾਵਟ ਬਣਦੀ ਹੈ। ਹੁਣ ਅਸੀਂ ਇੱਥੇ ਸੱਤ ਗ਼ਲਤ ਸੋਚਾਂ (ਭਰਮਾਂ) ਬਾਰੇ ਵਿਚਾਰ ਕਰਦੇ ਹਾਂ ਜੋ ਸਾਨੂੰ ਪਰਮੇਸ਼ੁਰ ਦੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਵਾਲੇ ਪਿਆਰ ਨੂੰ ਸਮਝਣ ਤੋਂ ਰੋਕਦੀਆਂ ਹਨ।

1) ਉਜਾੜੂ ਪੁੱਤਰ

ਇਸ ਵਿਚਾਰ ਸ਼ੈਲੀ ਵਿੱਚ ਲੋਕ ਆਪਣੇ ਆਪ ਨੂੰ ਹਮੇਸ਼ਾਂ ਅਯੋਗ ਅਤੇ ਨਿਕੰਮਾ ਸਮਝਦੇ ਹਨ। ਉਹ ਸੋਚਦੇ ਹਨ ਕਿ ਉਹ ਕਿਸੇ ਲਈ ਵੀ ਚੰਗੇ ਜਾਂ ਲਾਇਕ ਨਹੀਂ ਹਨ ਅਤੇ ਪਰਮੇਸ਼ੁਰ ਦੇ ਪਿਆਰ ਦੇ ਯੋਗ ਤਾਂ ਬਿਲਕੁਲ ਨਹੀਂ। ਇਸ ਕਰਕੇ ਜਦੋਂ ਉਹ ਪਰਮੇਸ਼ੁਰ ਨਾਲ ਰਿਸ਼ਤਾ ਬਣਾਉਂਦੇ ਹਨ, ਤਾਂ ਪਰਮੇਸ਼ੁਰ ਨੂੰ ਇੱਕ ਪਿਆਰ ਕਰਨ ਵਾਲੇ ਅਤੇ ਮਾਫ਼ ਕਰਨ ਵਾਲੇ ਪਿਤਾ ਵਜੋਂ ਸਮਝਣਾ ਉਨ੍ਹਾਂ ਲਈ ਬਹੁਤ ਔਖਾ ਹੁੰਦਾ ਹੈ।

ਉਹ ਹਮੇਸ਼ਾਂ ਉਜਾੜੂ ਪੁੱਤਰ ਵਾਂਗ ਸੋਚਦੇ ਹਨ, ਜੋ ਆਪਣੇ ਪਿਤਾ ਨੂੰ ਇਹ ਕਹਿੰਦਾ ਹੈ: *“ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ। ਮੈਨੂੰ ਆਪਣਿਆਂ ਕਾਮਿਆਂ ਵਿੱਚੋਂ ਇੱਕ ਜਿਹਾ ਰੱਖ ਲਓ”* (ਲੂਕਾ 15:19)।

ਜਦੋਂ ਅਸੀਂ ਗ਼ਲਤੀ ਕਰਦੇ ਹਾਂ, ਤਦ ਪਸ਼ਚਾਤਾਪ ਕਰਨਾ ਜ਼ਰੂਰੀ ਹੁੰਦਾ ਹੈ। ਪਰ ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਹਮੇਸ਼ਾ ਦੋਸ਼ ਅਤੇ ਅਯੋਗਤਾ ਵਿੱਚ ਰਹੀਏ। ਜਦੋਂ ਪੁੱਤਰ ਵਾਪਸ ਆਇਆ, ਤਦ ਪਿਤਾ ਨੇ ਉਸ ਦਾ ਸਵਾਗਤ ਕੀਤਾ, ਉਸ ਨੂੰ ਚੰਗੇ ਕੱਪੜੇ ਪਹਿਨਾਏ, ਉਸ ਦੀ ਉਂਗਲੀ ਵਿੱਚ ਅੰਗੂਠੀ ਪਾਈ ਅਤੇ ਦਾਅਵਤ ਕੀਤੀ। ਪਿਤਾ ਚਾਹੁੰਦਾ ਸੀ ਕਿ ਉਸ ਦਾ ਪੁੱਤਰ ਫਿਰ ਪੁੱਤਰ ਹੀ ਰਹੇ!

ਜਦੋਂ ਅਸੀਂ ਸਮਝਦੇ ਹਾਂ ਕਿ ਸਾਡੇ ਪਾਪਾਂ ਨੇ ਕੀ ਕੀਤਾ ਅਤੇ ਸਾਨੂੰ ਕਿੰਨੀ ਵੱਡੀ ਮਾਫ਼ੀ ਮਿਲੀ ਹੈ, ਤਦ ਅਸੀਂ ਪਰਮੇਸ਼ੁਰ ਨਾਲ ਹੋਰ ਵੱਧ ਪਿਆਰ ਕਰਦੇ ਹਾਂ। ਪ੍ਰਭੂ ਯਿਸੂ ਨੇ ਉਸ ਪਾਪਣ ਔਰਤ ਨੂੰ ਜੋ ਉਸ ਦੇ ਕੋਲ ਅੱਥਰੂ ਵਹਾਉਂਦੇ ਹੋਏ ਆਈ ਸੀ ਉਸ ਨੂੰ ਕਿਹਾ, *“ਇਸ ਕਾਰਨ ਮੈਂ ਤੈਨੂੰ ਆਖਦਾ ਹਾਂ ਕਿ ਇਹ ਦੇ ਪਾਪ ਜੋ ਬਹੁਤੇ ਹਨ ਸੋ ਮਾਫ਼ ਕੀਤੇ ਗਏ ਕਿਉਂਕਿ ਇਸ ਨੇ ਪਿਆਰ ਬਹੁਤ ਕੀਤਾ, ਪਰ ਜਿਹ ਨੂੰ ਥੋੜ੍ਹਾ ਮਾਫ਼ ਕੀਤਾ ਗਿਆ ਸੋ ਥੋੜ੍ਹਾ ਪਿਆਰ ਕਰਦਾ ਹੈ”* (ਲੂਕਾ 7:47)। ਸਾਡੇ ਪਾਪਾਂ ਦੀ ਗਿਣਤੀ ਨਹੀਂ, ਪਰ ਇਹ ਸਮਝ ਮਹੱਤਵਪੂਰਨ ਹੈ ਕਿ ਸਾਡੇ ਪਾਪਾਂ ਨੇ ਕੀ ਕੀਤਾ ਹੈ ਅਤੇ ਸਾਨੂੰ ਕਿੰਨੀ ਵੱਡੀ ਮਾਫ਼ੀ ਮਿਲੀ ਹੈ। ਜੋ ਖੁੱਲ੍ਹ ਕੇ, ਬਹੁਤਾਇਤ ਨਾਲ ਉਸ ਨਾਲ ਪਿਆਰ ਕਰਨ ਦੇ ਪ੍ਰਤੀ ਕਿਰਿਆ ਨੂੰ ਪ੍ਰੇਰਿਤ ਕਰਦਾ ਹੈ। ਅਸੀਂ ਬਹੁਤ ਮਾਫ਼ੀ ਪਾਈ ਹੈ, ਇਸ ਲਈ ਸਾਨੂੰ ਆਪਣੇ ਸਵਰਗੀ ਪਿਤਾ ਨਾਲ ਖੁੱਲ੍ਹੇ ਦਿਲ ਨਾਲ ਪਿਆਰ ਕਰਨਾ ਚਾਹੀਦਾ ਹੈ।

2) ਗ਼ੁਲਾਮ

ਇਸ ਵਿਚਾਰ ਸ਼ੈਲੀ ਵਿੱਚ, ਲੋਕਾਂ ਦੇ ਅੰਦਰ ਹਮੇਸ਼ਾ ਗ਼ੁਲਾਮ ਵਾਲੀ ਸੋਚ ਹੁੰਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਹਰ ਚੀਜ਼ ਉਨ੍ਹਾਂ ਨੂੰ ਕਮਾਉਣੀ ਪੈਂਦੀ ਹੈ, ਉਹ ਆਪਣੇ ਆਪ ਨੂੰ ਵੱਡੀਆਂ ਬਰਕਤਾਂ ਲਈ ਅਯੋਗ ਸਮਝਦੇ ਹਨ ਅਤੇ ਸੋਚਦੇ ਹਨ ਕਿ ਉਹ ਇਨ੍ਹਾਂ ਦੇ ਲਾਇਕ ਨਹੀਂ ਹਨ। ਇਸ ਕਰਕੇ ਜਦੋਂ ਉਹ ਪਰਮੇਸ਼ੁਰ ਨਾਲ ਸੰਬੰਧ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਪਰਮੇਸ਼ੁਰ ਨੂੰ ਅਜਿਹੇ ਪਿਤਾ ਵਜੋਂ ਸਮਝਣਾ ਔਖਾ ਹੁੰਦਾ ਹੈ, ਜੋ ਸਾਨੂੰ ਆਪਣੇ ਪੁੱਤਰਾਂ ਅਤੇ ਧੀਆਂ ਵਜੋਂ ਗੋਦ ਲੈਂਦਾ ਹੈ, ਸਾਨੂੰ ਮਿਰਾਸ ਦਾ ਹੱਕਦਾਰ ਬਣਾਉਂਦਾ ਹੈ ਅਤੇ ਸਾਨੂੰ *“ਮਸੀਹ ਨਾਲ ਸਾਂਝੇ ਅਧਿਕਾਰੀ”* (ਰੋਮੀਆਂ 8:17) ਕਹਿੰਦਾ ਹੈ।

ਪਰ, ਬਾਈਬਲ ਸਾਫ਼ ਸਿਖਾਉਂਦੀ ਹੈ ਕਿ ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਗ਼ੁਲਾਮਾਂ ਵਾਂਗ ਜੀਵਨ ਬਿਤਾਈਏ।

ਰੋਮੀਆਂ 8:15
ਕਿਉਂ ਜੋ ਤੁਹਾਨੂੰ ਗ਼ੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤ੍ਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ "ਅੱਬਾ", ਹੇ ਪਿਤਾ, ਪੁਕਾਰਦੇ ਹਾਂ!

ਰੋਮੀਆਂ 8:15 (ਜਿਵੇਂ ਕਿ ਕੰਟੇਮਪ੍ਰੇਰੀ ਇੰਗਲਿਸ਼ ਵਰਜ਼ਨ ਵਿੱਚ ਦਿੱਤਾ ਗਿਆ ਹੈ)
ਪਰਮੇਸ਼ੁਰ ਦਾ ਆਤਮਾ ਸਾਨੂੰ ਡਰ ਵਿੱਚ ਰਹਿਣ ਵਾਲੇ ਗ਼ੁਲਾਮ ਨਹੀਂ ਬਣਾਉਂਦਾ। ਉਹ ਸਾਨੂੰ ਪਰਮੇਸ਼ੁਰ ਦੀ ਸੰਤਾਨ ਬਣਾਉਂਦਾ ਹੈ।

ਰੋਮੀਆਂ 8:15 (ਜਿਵੇਂ ਕਿ ਗੁੱਡ ਨਿਊਜ ਬਾਈਬਲ ਵਿੱਚ ਦਿੱਤਾ ਗਿਆ ਹੈ)
ਕਿਉਂਕਿ ਪਰਮੇਸ਼ੁਰ ਨੇ ਤੁਹਾਨੂੰ ਆਤਮਾ ਦਿੱਤਾ ਹੈ, ਉਹ ਤੁਹਾਨੂੰ ਗ਼ੁਲਾਮ ਨਹੀਂ ਬਣਾਉਂਦਾ ਅਤੇ ਨਾ ਹੀ ਡਰ ਵਿੱਚ ਰੱਖਦਾ ਹੈ। ਇਸ ਦੀ ਬਜਾਇ, ਉਹ ਆਤਮਾ ਤੁਹਾਨੂੰ ਪਰਮੇਸ਼ੁਰ ਦੇ ਬੱਚੇ ਬਣਾਉਂਦਾ ਹੈ ਅਤੇ ਉਸ ਆਤਮਾ ਦੀ ਤਾਕਤ ਨਾਲ ਅਸੀਂ ਪਰਮੇਸ਼ੁਰ ਨੂੰ "ਪਿਤਾ! "ਮੇਰੇ ਅੱਬਾ" ਪੁਕਾਰਦੇ ਹਾਂ!

ਗਲਾਤੀਆਂ 4:4-7
4 ਪਰ ਜਾਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰ੍ਹਾ ਦੇ ਮਤਹਿਤ ਜੰਮਿਆ,
5 ਇਸ ਲਈ ਜੋ ਮੁੱਲ ਦੇ ਕੇ ਓਹਨਾਂ ਨੂੰ ਜਿਹੜੇ ਸ਼ਰ੍ਹਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤ੍ਰ ਹੋਣ ਦੀ ਪਦਵੀ ਸਾਨੂੰ ਪ੍ਰਾਪਤ ਹੋਵੇ।
6 ਅਤੇ ਤੁਸੀਂ ਜੋ ਪੁੱਤ੍ਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ" ਅਰਥਾਤ "ਹੇ ਪਿਤਾ" ਪੁਕਾਰਦਾ ਹੈ।
7 ਸੋ ਤੂੰ ਅਗਾਹਾਂ ਨੂੰ ਗ਼ੁਲਾਮ ਨਹੀਂ ਸਗੋਂ ਪੁੱਤ੍ਰ ਹੈਂ ਅਤੇ ਜੇ ਪੁੱਤ੍ਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਿਕਾਰੀ ਵੀ ਹੈਂ।

3) ਅਨਾਥ

ਇਸ ਮਾਨਸਿਕਤਾ ਵਾਲੇ ਲੋਕ ਆਪਣੇ ਆਪ ਨੂੰ ਪਿਤਾ-ਰਹਿਤ, ਤਿਆਗਿਆ ਹੋਇਆ ਅਤੇ ਪਿਆਰ ਤੋਂ ਵਾਂਝਾ ਮਹਿਸੂਸ ਕਰਦੇ ਹਨ। ਉਹ ਸੋਚਦੇ ਹਨ ਕਿ ਕਿਸੇ ਨੇ ਕਦੇ ਉਨ੍ਹਾਂ ਨਾਲ ਪਿਆਰ ਨਹੀਂ ਕੀਤਾ ਅਤੇ ਨਾ ਹੀ ਕੋਈ ਕਰੇਗਾ। ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਵੀ ਸੱਚਮੁੱਚ ਉਨ੍ਹਾਂ ਦੀ ਪਰਵਾਹ ਨਹੀਂ ਕਰਦਾ। ਇਸ ਕਰਕੇ ਜਦੋਂ ਉਹ ਪਰਮੇਸ਼ੁਰ ਨਾਲ ਸੰਬੰਧ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਪਰਮੇਸ਼ੁਰ ਨੂੰ ਪਿਆਰ ਕਰਨ ਵਾਲੇ ਅਤੇ ਸੰਭਾਲ ਕਰਨ ਵਾਲੇ ਪਿਤਾ ਵਜੋਂ ਸਮਝਣਾ ਬਹੁਤ ਮੁਸ਼ਕਲ ਹੁੰਦਾ ਹੈ।

ਹਵਾਲਾ ਦਿੱਤੇ ਗਏ ਦੋਵੇਂ ਵਚਨਾਂ ਦੇ ਭਾਗ—ਰੋਮੀਆਂ 8:15 ਅਤੇ ਗਲਾਤੀਆਂ 4:4-7 ਇਹ ਗੱਲ ਦੁਹਰਾਉਂਦੇ ਹਨ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਨਾਲ ਪੁੱਤਰਾਂ ਅਤੇ ਧੀਆਂ ਵਰਗਾ ਰਿਸ਼ਤਾ ਰੱਖੀਏ ਅਤੇ ਉਸ ਨੂੰ "ਪਿਤਾ" ਕਹੀਏ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਆਪਣੇ ਆਪ ਨੂੰ "ਆਤਮਿਕ ਯਤੀਮ" ਸਮਝੀਏ ਜਾਂ ਇਸ ਤਰ੍ਹਾਂ ਜੀਵਨ ਬਿਤਾਈਏ, ਸਗੋਂ ਉਸ ਦੇ ਆਪਣੇ ਪੁੱਤਰਾਂ ਅਤੇ ਧੀਆਂ ਵਾਂਗ ਜੀਈਏ।"

4) ਤਿਆਗਿਆ ਹੋਇਆ

ਇਸ ਮਾਨਸਿਕਤਾ ਵਾਲੇ ਲੋਕਾਂ ਵਿੱਚ ਤਿਆਗੇ ਜਾਣ ਦਾ ਡੂੰਘਾ ਅਹਿਸਾਸ ਹੁੰਦਾ ਹੈ। ਉਹ ਹਮੇਸ਼ਾ ਆਪਣੇ ਆਪ ਨੂੰ ਵੱਖਰਾ, ਦੂਰ ਅਤੇ ਬਾਹਰ ਕੱਢਿਆ ਹੋਇਆ ਮਹਿਸੂਸ ਕਰਦੇ ਹਨ। ਇਸ ਕਰਕੇ, ਜਦੋਂ ਉਹ ਪਰਮੇਸ਼ੁਰ ਨਾਲ ਸੰਬੰਧ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਇਹ ਸਮਝਣਾ ਔਖਾ ਹੁੰਦਾ ਹੈ ਕਿ ਪਰਮੇਸ਼ੁਰ ਸਾਡਾ ਆਪਣੀ ਹਜ਼ੂਰੀ ਵਿੱਚ ਸਵਾਗਤ ਕਰਦਾ ਹੈ ਅਤੇ ਸਾਨੂੰ ਹੌਂਸਲੇ ਨਾਲ ਉਸ ਦੇ ਕੋਲ ਆਉਣ ਲਈ ਬੁਲਾਉਂਦਾ ਹੈ।

ਅਫ਼ਸੀਆਂ 2:12,13,18
12 ਨਾਲੇ ਤੁਸੀਂ ਉਸ ਸਮੇਂ ਮਸੀਹ ਤੋਂ ਅੱਡ, ਇਸਰਾਏਲ ਦੀ ਪਾਤਸ਼ਾਹੀ ਤੋਂ ਨਿਆਰੇ ਕੀਤੇ ਹੋਏ, ਵਚਨ ਦੇ ਨੇਮਾਂ ਤੋਂ ਬਾਹਰ, ਆਸਾ ਹੀਣ ਅਤੇ ਜਗਤ ਵਿੱਚ ਪਰਮੇਸ਼ੁਰ ਤੋਂ ਰਹਿਤ ਸਾਓ।
13 ਪਰ ਹੁਣ ਮਸੀਹ ਯਿਸੂ ਵਿੱਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ।
18 ਕਿਉਂ ਜੋ ਉਸੇ ਦੇ ਦੁਆਰਾ ਇੱਕੋ ਆਤਮਾ ਵਿੱਚ ਪਿਤਾ ਵੱਲ ਅਸਾਂ ਦੋਹਾਂ ਦੀ ਢੋਈ ਹੁੰਦੀ ਹੈ।"

ਬਾਈਬਲ ਸਪੱਸ਼ਟ ਦੱਸਦੀ ਹੈ ਕਿ ਯਿਸੂ ਮਸੀਹ ਦੇ ਲਹੂ ਰਾਹੀਂ ਅਸੀਂ ਪਰਮੇਸ਼ੁਰ ਦੇ ਨੇੜੇ ਲਿਆਂਦੇ ਗਏ ਹਾਂ। ਯਿਸੂ ਦੇ ਦੁਆਰਾ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਅਸੀਂ ਬਿਨ੍ਹਾਂ ਕੀਮਤ ਲਿਆਂਦੇ ਗਏ ਹਾਂ। ਅਸੀਂ ਤਿਆਗੇ ਹੋਏ ਨਹੀਂ ਹਾਂ। ਉਸ ਦੀ ਹਜ਼ੂਰੀ ਵਿੱਚ ਸਾਡਾ ਸਵਾਗਤ ਹੈ। ਪਰਮੇਸ਼ੁਰ ਦੀ ਕਿਰਪਾ ਦੇ ਸਿੰਘਾਸਣ ਦੇ ਨੇੜੇ ਅਸੀਂ ਦਲੇਰੀ ਨਾਲ ਆ ਸਕਦੇ ਹਾਂ (ਇਬਰਾਨੀਆਂ 4:16)।

5) ਘਮੰਡੀ ਵੱਡਾ ਭਰਾ / ਭੈਣ

ਇਸ ਸੋਚ ਵਾਲੇ ਲੋਕ ਆਪਣੇ ਕੰਮਾਂ ਅਤੇ ਯੋਗਤਾਵਾਂ ਵਿੱਚ ਘਮੰਡ ਕਰਦੇ ਹਨ। ਉਹ ਸੋਚਦੇ ਹਨ, "ਮੈਂ ਵਫ਼ਾਦਾਰ ਹਾਂ, ਮੈਂ ਆਪਣਾ ਕੰਮ ਕਰਦਾ ਹਾਂ, ਮੈਨੂੰ ਪਿਆਰ ਦੀ ਲੋੜ ਨਹੀਂ।" ਉਨ੍ਹਾਂ ਦਾ ਧਿਆਨ ਸਿਰਫ਼ ਕੰਮਾਂ ਅਤੇ ਵਿਸ਼ੇਸ਼ ਕੰਮਾਂ ਉੱਤੇ ਹੁੰਦਾ

ਹੈ। ਇਸ ਲਈ ਜਦੋਂ ਉਹ ਪਰਮੇਸ਼ੁਰ ਨਾਲ ਸੰਬੰਧ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਇਹ ਸਮਝਣਾ ਔਖਾ ਹੁੰਦਾ ਹੈ ਕਿ ਪਰਮੇਸ਼ੁਰ ਸਾਨੂੰ ਆਪਣੇ ਪਿਆਰ ਵਿੱਚ ਅਰਾਮ ਕਰਨ ਲਈ ਸੱਦਾ ਦਿੰਦਾ ਹੈ।

ਉਜਾੜੂ ਪੁੱਤਰ ਦੀ ਕਹਾਣੀ ਵਿੱਚ ਵੱਡਾ ਭਰਾ ਇਸ ਗੱਲ ਨਾਲ ਨਰਾਜ਼ ਹੋ ਗਿਆ ਕਿ ਪਿਤਾ ਆਪਣੇ ਗੁਆਚੇ ਹੋਏ ਪੁੱਤਰ ਦੀ ਵਾਪਸੀ ਦਾ ਜਸ਼ਨ ਮਨਾਉਂਦਾ ਹੈ। "ਉਜਾੜੂ ਪੁੱਤਰ ਦੀ ਕਹਾਣੀ ਵਿੱਚ ਜੋ ਘਮੰਡੀ ਵੱਡਾ ਭਰਾ ਸੀ, ਜਦੋਂ ਉਸ ਨੇ ਸੁਣਿਆ ਕਿ ਉਸ ਦਾ ਪਿਤਾ ਆਪਣੇ ਭਟਕੇ ਹੋਏ ਪੁੱਤਰ ਦੀ ਵਾਪਸੀ ਦਾ ਜਸ਼ਨ ਮਨਾ ਰਿਹਾ ਹੈ, ਤਾਂ ਉਹ ਇਹ ਗੱਲ ਸਹਿ ਨਾ ਸਕਿਆ। ਉਹ ਸ਼ਿਕਾਇਤ ਕਰਨ ਲੱਗ ਪਿਆ ਅਤੇ ਇੱਕ ਚੰਗੇ ਪੁੱਤਰ ਵਜੋਂ ਆਪਣੇ ਸਾਰੇ ਫਰਜ਼ਾਂ ਦਾ ਹਿਸਾਬ ਦੇਣ ਲੱਗ ਪਿਆ। ਪਰ ਜੋ ਕੁਝ ਪਿਤਾ ਦਾ ਸੀ, ਉਹ ਸਭ ਉਸ ਦਾ ਹੀ ਤਾਂ ਸੀ। ਬੱਕਰਾ, ਜਸ਼ਨ ਅਤੇ ਵਧੀਆ ਭੋਜਨ ਹਮੇਸ਼ਾ ਹੀ ਉੱਥੇ ਮੌਜੂਦ ਸੀ, ਫਿਰ ਵੀ ਵੱਡੇ ਪੁੱਤਰ ਨੇ ਕਦੇ ਵੀ ਉਸ ਦਾ ਅਨੰਦ ਮਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਆਪਣੇ ਪਿਤਾ ਅਤੇ ਪਰਿਵਾਰ ਨਾਲ ਉਸ ਦਾ ਰਿਸ਼ਤਾ ਸਿਰਫ਼ ਕੰਮ 'ਤੇ ਅਧਾਰਿਤ ਸੀ। ਉਸ ਨੇ ਕਦੇ ਰਿਸ਼ਤੇ, ਪਰਿਵਾਰ ਅਤੇ ਘਰ ਵਿੱਚ ਪੁੱਤਰ ਹੋਣ ਦੇ ਅਧਿਕਾਰਾਂ ਦੀ ਖੁਸ਼ੀ ਮਹਿਸੂਸ ਨਹੀਂ ਸੀ ਕੀਤੀ।

ਲੂਕਾ 15:29,30
29 ਪਰ ਓਨ ਆਪਣੇ ਪਿਉ ਨੂੰ ਉੱਤਰ ਦਿੱਤਾ, ਵੇਖ ਮੈਂ ਐੱਨੇ ਵਰਿਹਾਂ ਤੋਂ ਤੁਹਾਡੀ ਟਹਿਲ ਕਰਦਾ ਹਾਂ ਅਤੇ ਤੁਹਾਡਾ ਹੁਕਮ ਕਦੇ ਨਹੀਂ ਮੋੜਿਆ ਪਰ ਤੁਸਾਂ ਮੈਨੂੰ ਕਦੇ ਇੱਕ ਪਠੇਰਾ ਭੀ ਨਾ ਦਿੱਤਾ ਜੋ ਮੈਂ ਆਪਣਿਆਂ ਬੇਲੀਆਂ ਨਾਲ ਖੁਸ਼ੀ ਕਰਾਂ
30 ਪਰ ਜਦ ਤੁਹਾਡਾ ਇਹ ਪੁੱਤ੍ਰ ਆਇਆ ਜਿਹ ਨੇ ਕੰਜਰੀਆਂ ਦੇ ਮੂੰਹ ਤੇਰੀ ਪੂੰਜੀ ਉਡਾ ਦਿੱਤੀ ਤੁਸਾਂ ਉਹ ਦੇ ਲਈ ਪਲਿਆ ਹੋਇਆ ਵੱਛਾ ਕੱਟਿਆ।"

ਯਿਸੂ ਦਾ ਮਰਿਯਮ ਅਤੇ ਮਾਰਥਾ ਨਾਲ ਮਿਲਾਪ (ਲੂਕਾ 10:38-42) ਵੀ ਇਸੇ ਗੱਲ ਨੂੰ ਦਰਸਾਉਂਦਾ ਹੈ। ਮਾਰਥਾ ਆਪਣੇ ਪ੍ਰਭੂ ਦੀ ਸੇਵਾ ਕਰਨ ਵਿੱਚ ਇੰਨੀ ਵਿਅਸਤ ਸੀ ਕਿ ਉਸ ਨੇ ਉਸ ਦੀ ਹਜ਼ੂਰੀ ਦਾ ਅਨੰਦ ਮਾਣਨ ਅਤੇ ਉਸ ਦੀ ਸਿੱਖਿਆ ਨੂੰ ਪ੍ਰਾਪਤ ਕਰਨ ਵੱਲ ਧਿਆਨ ਨਾ ਦਿੱਤਾ। ਉਹ ਮਰਿਯਮ ਬਾਰੇ ਸ਼ਿਕਾਇਤ ਕਰਨ ਲੱਗੀ, ਜੋ ਪ੍ਰਭੂ ਦੇ ਵਚਨਾਂ ਨੂੰ ਸੁਣ ਰਹੀ ਸੀ ਅਤੇ ਆਪਣੇ ਘਰ ਵਿੱਚ ਉਸ ਦੀ ਹਜ਼ੂਰੀ ਦੇ ਪਲਾਂ ਦਾ ਅਨੰਦ ਮਾਣ ਰਹੀ ਸੀ। ਇਹ ਗ਼ਲਤ ਸੋਚ ਜੋ ਮਾਰਥਾ ਵਿੱਚ ਸੀ, ਅਕਸਰ ਸਾਨੂੰ ਫ਼ਰੀਸੀਆਂ ਵਾਂਗ ਦੂਜਿਆਂ ਦੀ ਨਿੰਦਿਆ ਅਤੇ ਆਲੋਚਨਾ ਕਰਨ ਵੱਲ ਲੈ ਜਾਂਦੀ ਹੈ, ਖ਼ਾਸ ਕਰਕੇ ਉਨ੍ਹਾਂ ਦੀ ਜੋ ਉਸ ਦੀ ਹਜ਼ੂਰੀ

ਦਾ ਅਨੰਦ ਮਾਣਦੇ ਹਨ।

ਮਰਕੁਸ 14:3-5
3 ਜਾਂ ਉਹ ਬੈਤਅਨੀਆ ਵਿੱਚ ਸ਼ਮਊਨ ਕੋੜ੍ਹੀ ਦੇ ਘਰ ਰੋਟੀ ਖਾਣ ਬੈਠਾ ਸੀ ਇੱਕ ਤੀਵੀਂ ਮਹਿੰਗ ਮੁੱਲਾ ਜਟਾਮਾਸੀ ਦਾ ਖਰ੍ਹਾ ਅਤਰ ਸ਼ੀਸ਼ੀ ਵਿੱਚ ਲਿਆਈ ਅਤੇ ਸ਼ੀਸ਼ੀ ਨੂੰ ਭੰਨ ਕੇ ਉਹ ਦੇ ਸਿਰ ਉੱਤੇ ਡੋਹਲ਼ ਦਿੱਤਾ।
4 ਤਦ ਕਿੰਨੇ ਆਪਣੇ ਮਨ ਵਿੱਚ ਖਿੱਝ ਕੇ ਬੋਲੇ ਜੋ ਇਸ ਅਤਰ ਦਾ ਇਹ ਨੁਕਸਾਨ ਕਾਹ ਨੂੰ ਹੋਇਆ?
5 ਕਿਉਂਕਿ ਹੋ ਸਕਦਾ ਸੀ ਜੋ ਇਹ ਅਤਰ ਡੂਢ ਸੌ ਰੁਪਏ ਤੋਂ ਵਧੀਕ ਨੂੰ ਵਿਕਦਾ ਅਤੇ ਕੰਗਾਲਾਂ ਨੂੰ ਦਿੱਤਾ ਜਾਂਦਾ ਸੋ ਉਹ ਉਸ ਤੀਵੀਂ ਨੂੰ ਝਿੜਕਣ ਲੱਗੇ।

6) ਜ਼ਖ਼ਮੀ ਵਿਚਾਰ ਸ਼ੈਲੀ

ਕੁਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਜੀਵਨ ਵਿੱਚ ਡੂੰਘੀ ਸੱਟ ਲੱਗੀ ਹੁੰਦੀ ਹੈ। ਇਸ ਕਰਕੇ ਉਨ੍ਹਾਂ ਦੇ ਅੰਦਰ ਦੁੱਖ ਅਤੇ ਜ਼ਖ਼ਮ ਹੁੰਦੇ ਹਨ। ਉਹ ਕਦੇ ਕਿਸੇ ਨੂੰ ਆਪਣੇ ਨਾਲ ਪਿਆਰ ਕਰਨ ਨਹੀਂ ਦਿੰਦੇ ਅਤੇ ਨਾ ਹੀ ਕਿਸੇ ਨਾਲ ਪਿਆਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੁਬਾਰਾ ਚੋਟ ਲੱਗਣ ਦੇ ਡਰ ਕਾਰਨ ਉਹ ਡਰੇ ਹੋਏ ਰਹਿੰਦੇ ਹਨ। ਕਈ ਵਾਰ ਉਨ੍ਹਾਂ ਦੇ ਮਨ ਵਿੱਚ ਲੋਕਾਂ ਪ੍ਰਤੀ ਮਾਫ਼ ਨਾ ਕਰਨ ਵਾਲਾ ਸੁਭਾਅ, ਨਫ਼ਰਤ ਅਤੇ ਗੁੱਸਾ ਵੀ ਹੁੰਦਾ ਹੈ, ਖ਼ਾਸ ਕਰਕੇ ਉਨ੍ਹਾਂ ਲੋਕਾਂ ਲਈ ਜੋ ਕਿਸੇ ਤਰੀਕੇ ਨਾਲ ਉਨ੍ਹਾਂ ਵਰਗੇ ਲੱਗਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਦੁੱਖ ਦਿੱਤਾ ਸੀ। ਇਸ ਕਰਕੇ ਜਦੋਂ ਉਹ ਪਰਮੇਸ਼ੁਰ ਨਾਲ ਰਿਸ਼ਤਾ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਪਰਮੇਸ਼ੁਰ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਸਮਝਣਾ ਔਖਾ ਹੁੰਦਾ ਹੈ, ਜੋ ਸੱਚੇ ਦਿਲ ਨਾਲ, ਬਿਨ੍ਹਾਂ ਕਿਸੇ ਈਰਖਾ ਦੇ ਪਿਆਰ ਕਰਦਾ ਹੈ ਅਤੇ ਜੋ ਕਦੇ ਉਨ੍ਹਾਂ ਨੂੰ ਚੋਟ ਨਹੀਂ ਪਹੁੰਚਾਏਗਾ। ਉਹ ਆਪਣੇ ਸਵਰਗੀ ਪਿਤਾ ਦੇ ਪਿਆਰ 'ਤੇ ਭਰੋਸਾ ਮੁਸ਼ਕਲ ਨਾਲ ਕਰ ਪਾਉਂਦੇ ਹਨ।

ਪਰ ਪਰਮੇਸ਼ੁਰ ਆਪਣੇ ਲੋਕਾਂ ਲਈ ਆਪਣੇ ਅਟੱਲ ਪਿਆਰ ਦੀ ਘੋਸ਼ਣਾ ਕਰਦਾ ਹੈ, ਭਾਵੇਂ ਉਹ ਬਾਰ ਬਾਰ ਅਸਫਲ ਹੀ ਕਿਉਂ ਨਾ ਹੋਣ।

ਯਿਰਮਿਯਾਹ 31:3
ਯਹੋਵਾਹ ਨੇ ਦੂਰੋਂ ਮੈਨੂੰ ਵਿਖਾਈ ਦਿੱਤੀ,
ਮੈਂ ਤੇਰੇ ਨਾਲ ਸਦਾ ਦੇ ਪ੍ਰੇਮ ਨਾਲ ਪ੍ਰੇਮ ਕੀਤਾ,
ਏਸ ਲਈ ਮੈਂ ਦਯਾ ਨਾਲ ਤੈਨੂੰ ਖਿੱਚਿਆ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜਾਣੀਏ ਕਿ ਉਸ ਦਾ ਪਿਆਰ ਸਭ ਤੋਂ ਉੱਚਾ ਹੈ ਅਤੇ ਕੁਝ ਵੀ ਸਾਨੂੰ ਉਸ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦਾ।

7) ਆਪਣੇ ਆਪ ਦੀ ਆਲੋਚਨਾ ਕਰਨ ਵਾਲੀ ਵਿਚਾਰ ਸ਼ੈਲੀ

ਆਤਮ-ਆਲੋਚਕ ਉਹ ਲੋਕ ਹੁੰਦੇ ਹਨ ਜੋ ਆਪਣੀ ਅਤੇ ਹੋਰਨਾਂ ਦੀ ਹਮੇਸ਼ਾਂ ਆਲੋਚਨਾ ਕਰਦੇ ਹਨ। *"ਮੈਂ ਚੰਗਾ ਨਹੀਂ ਹਾਂ, ਨਾ ਆਪਣੇ ਲਈ, ਨਾ ਦੂਜਿਆਂ ਲਈ, ਨਾ ਹੀ ਪਰਮੇਸ਼ੁਰ ਲਈ..."* ਉਹ ਇਸ ਤਰ੍ਹਾਂ ਸੋਚਦੇ ਹਨ। ਇਸ ਕਰਕੇ ਉਹ ਕਬੂਲ ਕਰਨ, ਮਾਨਤਾ ਅਤੇ ਪ੍ਰਸ਼ੰਸਾ ਪਾਉਣ ਲਈ ਹੋਰ ਵੱਧ ਕੰਮ ਕਰਨ ਅਤੇ ਹੋਰ ਕਾਬਲ ਬਣਨ ਦੀ ਕੋਸ਼ਿਸ਼ ਕਰਦੇ ਹਨ। ਕਈ ਵਾਰ ਇਹ ਡਰ ਤੋਂ ਪ੍ਰੇਰਿਤ ਹੁੰਦਾ ਹੈ ਅਤੇ ਲੋਕ ਅੱਗੇ ਵਧਣ ਲਈ ਦੂਜਿਆਂ ਨੂੰ ਕਾਬੂ ਕਰਨ ਜਾਂ ਚਾਲਾਂ ਚੱਲਣ ਤੱਕ ਵੀ ਪਹੁੰਚ ਜਾਂਦੇ ਹਨ। ਨਤੀਜ਼ੇ ਵਜੋਂ, ਉਨ੍ਹਾਂ ਦੇ ਮਨ ਵਿੱਚ ਆਪਣੇ ਅਤੇ ਦੂਜਿਆਂ ਲਈ ਆਲੋਚਨਾ ਦੀ ਕੜਵੀ ਜੜ੍ਹ ਪੈ ਜਾਂਦੀ ਹੈ। ਇਸ ਲਈ ਜਦੋਂ ਉਹ ਪਰਮੇਸ਼ੁਰ ਨਾਲ ਰਿਸ਼ਤਾ ਬਣਾਉਂਦੇ ਹਨ, ਤਾਂ ਉਨ੍ਹਾਂ ਲਈ ਪਰਮੇਸ਼ੁਰ ਨੂੰ ਅਜਿਹੇ ਵਿਅਕਤੀ ਵਜੋਂ ਸਮਝਣਾ ਔਖਾ ਹੁੰਦਾ ਹੈ, ਜੋ ਆਪਣੇ ਮਹਾਨ ਪਿਆਰ ਕਰਕੇ ਕਿਰਪਾ ਨਾਲ ਭਰਪੂਰ ਹੈ। ਉਹ ਇਹ ਮੁਸ਼ਕਿਲ ਨਾਲ ਸਮਝ ਪਾਉਂਦੇ ਹਨ ਕਿ ਪਰਮੇਸ਼ੁਰ ਸਾਨੂੰ ਉਹੋ ਜਿਹਾ ਪਿਆਰ ਕਰਦਾ ਹੈ, ਜਿਹੇ ਅਸੀਂ ਹਾਂ ਅਤੇ ਪਿਆਰ ਕਰਕੇ ਸਾਨੂੰ ਉਹ ਵੀ ਦਿੰਦਾ ਹੈ ਜਿਸ ਦੇ ਅਸੀਂ ਹੱਕਦਾਰ ਨਹੀਂ ਹੁੰਦੇ। ਇਹ ਗੱਲ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੀ।

ਪਰ ਪਵਿੱਤਰ ਬਾਈਬਲ ਸਾਨੂੰ ਅਜਿਹੇ ਪਰਮੇਸ਼ੁਰ ਵੱਲ ਇਸ਼ਾਰਾ ਕਰਦੀ ਹੈ, ਜੋ ਸਾਡੇ ਲਈ ਆਪਣੇ ਮਹਾਨ, ਬੇਅੰਤ ਅਤੇ ਬਿਨ੍ਹਾਂ ਸ਼ਰਤ ਵਾਲੇ ਪਿਆਰ ਕਰਕੇ ਦਯਾ ਨਾਲ ਭਰਪੂਰ ਅਤੇ ਕਿਰਪਾਲੂ ਹੈ।

ਅਫ਼ਸੀਆਂ 2:4,5

[4] ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।

[5] ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)।

ਪਰਮੇਸ਼ੁਰ ਦਾ ਪਿਆਰ ਕਬੂਲ ਕਰਨ ਤੋਂ ਸਾਨੂੰ ਕੌਣ ਰੋਕਦਾ ਹੈ?

ਆਓ ਆਪਣੇ ਦਿਲਾਂ ਦੀ ਜਾਂਚ ਕਰੀਏ ਕਿ ਕਿਤੇ ਅਸੀਂ ਇਨ੍ਹਾਂ ਵਿੱਚੋਂ ਕਿਸੇ ਗ਼ਲਤ ਸੋਚ (ਪਰਮੇਸ਼ੁਰ ਪ੍ਰਤੀ ਗ਼ਲਤ ਧਾਰਨਾ) ਨੂੰ ਤਾਂ ਫੜੀ ਬੈਠੇ ਹਾਂ, ਜੋ ਸਾਨੂੰ ਉਸ ਨੂੰ

ਇੱਕ ਪਿਆਰ ਕਰਨ ਵਾਲੇ ਸਵਰਗੀ ਪਿਤਾ ਵਜੋਂ ਜਾਣਨ ਤੋਂ ਅਤੇ ਉਸ ਦੇ ਬਿਨ੍ਹਾਂ ਸ਼ਰਤ ਤੇ ਬੇਅੰਤ ਪਿਆਰ ਨੂੰ ਕਬੂਲ ਕਰਨ ਤੋਂ ਰੋਕਦੀ ਹੈ, ਤਾਂ ਸਾਨੂੰ ਆਪਣੀ ਜਾਂਚ ਕਰਨੀ ਚਾਹੀਦੀ ਹੈ।

1) **ਉਜਾੜੂ ਪੁੱਤਰ ਨੂੰ ਉਹ ਕਹਿੰਦਾ ਹੈ:** *ਭਾਵੇਂ ਤੂੰ ਪਾਪੀ ਹੈਂ, ਫਿਰ ਵੀ ਮੈਂ ਤੈਨੂੰ ਪਿਆਰ ਕਰਦਾ ਹਾਂ।*

2) **ਗ਼ੁਲਾਮ ਨੂੰ ਉਹ ਕਹਿੰਦਾ ਹੈ:** *ਜਗਤ ਦੀ ਸਰਿਸ਼ਟੀ ਤੋਂ ਪਹਿਲਾਂ ਹੀ ਮੈਂ ਤੈਨੂੰ ਆਪਣੇ ਪੁੱਤਰ ਜਾਂ ਧੀ ਵਜੋਂ ਚੁਣਿਆ ਸੀ।*

3) **ਅਨਾਥ ਨੂੰ ਉਹ ਕਹਿੰਦਾ ਹੈ:** *"ਤੇਰੇ ਜਨਮ ਤੋਂ ਪਹਿਲਾਂ ਹੀ ਮੈਂ ਤੈਨੂੰ ਆਪਣੇ ਪਰਿਵਾਰ ਵਿੱਚ ਗੋਦ ਲੈਣ ਦੀ ਯੋਜਨਾ ਬਣਾਈ ਸੀ।"*

4) **ਤਿਆਗੇ ਹੋਏ ਨੂੰ ਉਹ ਕਹਿੰਦਾ ਹੈ:** *"ਮੈਂ ਤੈਨੂੰ ਇੰਨਾ ਪਿਆਰ ਕਰਦਾ ਹਾਂ ਕਿ ਤੈਨੂੰ ਆਪਣੇ ਨੇੜੇ ਬਿਠਾਉਣਾ ਚਾਹੁੰਦਾ ਹਾਂ।"*

5) **ਘਮੰਡੀ ਵੱਡੇ ਭਰਾ ਨੂੰ ਉਹ ਕਹਿੰਦਾ ਹੈ:** *"ਮੇਰਾ ਪਿਆਰ ਸਦਾ ਤੇਰੇ ਲਈ ਮੌਜੂਦ ਹੈ — ਸਿਰਫ਼ ਇਸ ਨੂੰ ਸਵੀਕਾਰ ਕਰ।"*

6) **ਜ਼ਖ਼ਮੀ ਨੂੰ ਉਹ ਕਹਿੰਦਾ ਹੈ:** *"ਲੋਕਾਂ ਨੇ ਤੈਨੂੰ ਦੁੱਖ ਦਿੱਤਾ ਹੋਵੇਗਾ, ਪਰ ਮੈਂ ਤੈਨੂੰ ਕਦੇ ਨੁਕਸਾਨ ਨਹੀਂ ਪਹੁੰਚਾਵਾਂਗਾ।"*

7) **ਆਪਣੇ ਆਪ ਦੀ ਆਲੋਚਨਾ ਕਰਨ ਵਾਲੇ ਨੂੰ ਉਹ ਕਹਿੰਦਾ ਹੈ:** *"ਮੈਂ ਤੈਨੂੰ ਪਿਆਰ ਕਰਦਾ ਹਾਂ ਕਿਉਂਕਿ ਮੈਂ ਪਿਆਰ ਹਾਂ। ਆਪਣੇ ਆਪ ਨੂੰ ਦੋਸ਼ ਨਾ ਦੇ, ਕਿਉਂਕਿ ਮੈਂ ਤੈਨੂੰ ਦੋਸ਼ ਨਹੀਂ ਦਿੰਦਾ।"*

ਆਓ ਅਸੀਂ ਉਸ ਕੋਲ ਬੇਨਤੀ ਕਰੀਏ ਕਿ ਉਹ ਸਾਨੂੰ ਚੰਗਾ ਕਰੇ ਅਤੇ ਉਸ ਦੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਪਿਆਰ ਨੂੰ ਪ੍ਰਾਪਤ ਕਰਨ ਦੀ ਸਾਡੀ ਸਮਰੱਥਾ ਨੂੰ ਮੁੜ ਸਥਾਪਿਤ ਕਰੀਏ।

ਪਰਮੇਸ਼ੁਰ ਨੇ ਸਾਨੂੰ ਆਪਣੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਵਾਲੇ ਪਿਆਰ ਦਾ ਕੇਂਦਰ ਬਣਾਇਆ ਹੈ। ਉਸ ਦਾ ਪਿਆਰ ਸਾਨੂੰ ਉਸ ਥਾਂ ਤੱਕ ਲੈ ਆਇਆ ਹੈ ਜਿੱਥੇ ਅਸੀਂ ਉਸ ਦੇ ਪੁੱਤਰ ਅਤੇ ਧੀਆਂ ਬਣੇ ਹਾਂ। ਪਰਮੇਸ਼ੁਰ ਸਾਡਾ ਪਿਤਾ ਹੈ ਅਤੇ ਅਸੀਂ ਉਸ ਦੇ ਹਾਂ।

1 ਯੂਹੰਨਾ 3:1
“ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ, ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ!

1 ਯੂਹੰਨਾ 3:1 (ਜਿਵੇਂ ਕਿ ਦ ਮੈਸੇਜ ਇੰਗਲਿਸ਼ ਬਾਈਬਲ ਵਿੱਚ ਦਿੱਤਾ ਗਿਆ ਹੈ)
“ਵੇਖੋ ਪਰਮੇਸ਼ੁਰ ਨੇ ਸਾਡੇ ਨਾਲ ਕਿੰਨਾ ਅਦਭੁੱਤ ਪਿਆਰ ਕੀਤਾ ਹੈ! ਉਸ ਨੂੰ ਵੇਖੋ — ਸਾਨੂੰ ਪਰਮੇਸ਼ੁਰ ਦੀਆਂ ਸੰਤਾਨਾਂ ਕਿਹਾ ਜਾਂਦਾ ਹੈ ਅਤੇ ਅਸੀਂ ਸੱਚਮੁੱਚ ਉਹੀ ਹਾਂ।”

ਪ੍ਰਤੀਬਿੰਬ

1) ਇਸ ਸਚਾਈ ਉੱਤੇ ਮਨਨ ਕਰੋ ਕਿ ਪਰਮੇਸ਼ੁਰ ਇੱਕ ਸੰਬੰਧ ਬਣਾਉਣ ਵਾਲਾ ਪਰਮੇਸ਼ੁਰ ਹੈ — ਸ੍ਰਿਸ਼ਟੀ ਤੋਂ ਪਹਿਲਾਂ ਵੀ ਪਿਆਰ ਸੀ ਅਤੇ ਪਿਆਰ ਦੇ ਕਾਰਨ ਹੀ ਸ੍ਰਿਸ਼ਟੀ ਹੋਈ।

2) ਉਹ ਸੱਤ ਗ਼ਲਤ ਸੋਚਾਂ (ਧਰਨਾਵਾਂ) ਦੀ ਸਮੀਖਿਆ ਕਰੋ ਜੋ ਸਾਡੇ ਵਿੱਚ ਹੋ ਸਕਦੀਆਂ ਹਨ ਅਤੇ ਵੇਖੋ ਕਿ ਇਹ ਪਰਮੇਸ਼ੁਰ ਨਾਲ ਤੁਹਾਡੇ ਰਿਸ਼ਤੇ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ।

3) ਕੀ ਇਨ੍ਹਾਂ ਵਿੱਚੋਂ ਕੋਈ ਹਲਾਤ ਤੁਹਾਡੇ ਨਾਲ ਮਿਲਦੇ ਹਨ? ਪ੍ਰਾਰਥਨਾ ਵਿੱਚ ਸਮਾਂ ਬਿਤਾਓ ਅਤੇ ਪਰਮੇਸ਼ੁਰ ਨੂੰ ਬੇਨਤੀ ਕਰੋ ਕਿ ਉਹ ਗ਼ਲਤ ਸੋਚ ਨੂੰ ਦੂਰ ਕਰਕੇ ਆਪਣੇ ਵਚਨ ਦਾ ਸੱਚ ਤੁਹਾਡੇ ਅੰਦਰ ਸਥਾਪਿਤ ਕਰੇ।

4) ਜਦੋਂ ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਪੁੱਤਰ ਜਾਂ ਧੀ ਵਜੋਂ ਵੇਖਦੇ ਹੋ, ਤਾਂ ਆਪਣੇ ਵਿਚਾਰ ਅਤੇ ਭਾਵਨਾਵਾਂ ਲਿਖੋ।

5) ਇੰਜ਼ੀਲਾਂ ਵਿੱਚ ਉਹ ਹਵਾਲੇ ਪੜ੍ਹੋ ਜਿੱਥੇ ਪ੍ਰਭੂ ਯਿਸੂ ਨੇ ਸਵਰਗੀ ਪਿਤਾ (ਮੱਤੀ 6:14,26,32; ਮੱਤੀ 15:13; ਮੱਤੀ 18:35; ਲੂਕਾ 11:13) ਅਤੇ “ਪਿਤਾ ਜੋ ਸਵਰਗ ਵਿੱਚ ਹੈ” (ਮੱਤੀ 5:16,45,48; ਮੱਤੀ 6:1,9; ਮੱਤੀ 7:21; ਮੱਤੀ 12:50; ਮੱਤੀ 18:19; ਮਰਕੁਸ 11:25,26)। ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿਸ਼ਿਆਂ ਉੱਤੇ ਮਨਨ ਕਰੋ ਅਤੇ ਵਿਚਾਰ ਕਰੋ ਕਿ ਰੋਜ਼ਾਨਾ ਜੀਵਨ ਦੇ ਇਨ੍ਹਾਂ ਹਲਾਤਾਂ ਵਿੱਚ ਤੁਸੀਂ ਪਰਮੇਸ਼ੁਰ ਨਾਲ ਆਪਣੇ ਸਵਰਗੀ ਪਿਤਾ ਵਜੋਂ ਕਿਵੇਂ ਰਿਸ਼ਤਾ ਰੱਖ ਸਕਦੇ ਹੋ।

2
ਅਸੀਮ ਪਿਆਰ

ਉਸ ਦੇ ਪਿਆਰ ਦੀ ਬੇਅੰਤ ਮਹਾਨਤਾ

ਅਫ਼ਸੀਆਂ 3:17-19

17 ਕਿ ਮਸੀਹ ਤੁਹਾਡਿਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ ਵੱਸੇ ਤਾਂ ਜੋ ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ,

18 ਤੁਸੀਂ ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੋ ਭਈ ਕਿੰਨੀ ਹੀ ਚੌੜਾਈ, ਲੰਬਾਈ, ਉੱਚਾਈ ਅਤੇ ਡੂੰਘਾਈ ਹੈ।

19 ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰ੍ਹਾਂ ਜਾਣ ਸੱਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰੀ ਹੋ ਜਾਓ।

ਅਫ਼ਸੀਆਂ 3:17-19 (ਐੱਮਪਲੀਫਾਇਡ ਬਾਈਬਲ)

17 ਤਾਂ ਜੋ ਵਿਸ਼ਵਾਸ ਰਾਹੀਂ ਮਸੀਹ ਤੁਹਾਡੇ ਦਿਲਾਂ ਵਿੱਚ ਵੱਸੇ ਅਤੇ ਤੁਸੀਂ ਪਿਆਰ ਵਿੱਚ (ਡੂੰਘੀਆਂ) ਜੜਾਂ ਫੜੇ ਅਤੇ (ਸੁਰੱਖਿਅਤ ਢੰਗ) ਮਜ਼ਬੂਤ ਨੀਂਹ ਉੱਤੇ ਖੜ੍ਹੇ ਹੋਵੋ,

18 ਅਤੇ ਸਾਰੇ ਪਵਿੱਤਰ (ਪਰਮੇਸ਼ੁਰ) ਦੇ ਲੋਕਾਂ ਨਾਲ ਮਿਲ ਕੇ ਉਸ ਦੇ ਪਿਆਰ ਦੀ ਚੌੜਾਈ, ਲੰਬਾਈ, ਉੱਚਾਈ ਅਤੇ ਡੂੰਘਾਈ ਨੂੰ ਸਮਝਣ ਦੀ ਸਮਰੱਥਾ ਪਾਓ (ਉਸ ਅਦਭੁੱਤ ਅਤੇ ਬੇਅੰਤ ਪਿਆਰ ਨੂੰ ਪੂਰੀ ਤਰ੍ਹਾਂ ਅਨੁਭਵ ਕਰੋ)।

19 ਅਤੇ (ਤਾਂ ਜੋ ਤੁਸੀਂ) ਮਸੀਹ ਦੇ ਉਸ ਪਿਆਰ ਨੂੰ ਜਾਣ ਸਕੋ (ਵਿਹਾਰਕ ਤੌਰ ਉੱਤੇ, ਨਿੱਜੀ ਅਨੁਭਵ ਰਾਹੀਂ), ਜੋ (ਸਿਰਫ਼) ਗਿਆਨ (ਬਿਨ੍ਹਾਂ ਅਨੁਭਵ ਦੇ) ਨਾਲੋਂ ਕਿਤੇ ਵੱਧ ਹੈ, ਤਾਂ ਜੋ ਤੁਸੀਂ (ਆਪਣੀ ਪੂਰੀ ਹੋਂਦ) ਪਰਮੇਸ਼ੁਰ ਦੀ ਪੂਰੀ ਭਰਪੂਰੀ ਨਾਲ ਭਰ ਜਾਵੋਗੇ (ਅਤੇ ਆਪਣੇ ਜੀਵਨ ਵਿੱਚ ਉਸ ਦੀ ਹਜ਼ੂਰੀ ਦਾ ਸਭ ਤੋਂ ਅਦਭੁੱਤ ਅਨੁਭਵ ਕਰੋਗੇ, ਤਾਂ ਜੋ ਕਿ ਤੁਸੀਂ ਪਰਮੇਸ਼ੁਰ ਨਾਲ ਪੂਰੀ ਤਰ੍ਹਾਂ ਭਰੇ ਹੋਏ ਹੋਵੋ।)

ਜਿਵੇਂ ਰਸੂਲ ਪੌਲੁਸ ਇਨ੍ਹਾਂ ਵਚਨਾਂ ਵਿੱਚ ਦੱਸਦਾ ਹੈ, ਸਾਡਾ ਸਵਰਗੀ ਪਿਤਾ ਚਾਹੁੰਦਾ ਹੈ ਕਿ ਅਸੀਂ ਉਸ ਦੇ ਅਥਾਹ ਅਤੇ ਬੇਅੰਤ ਪਿਆਰ ਵਿੱਚ ਡੂੰਘੀਆਂ ਜੜਾਂ ਵਾਲੇ (ਦਰੱਖਤ ਵਾਂਗ) ਅਤੇ ਮਜ਼ਬੂਤ ਨੀਂਹ ਵਾਲੀ ਇਮਾਰਤ ਵਾਂਗ (ਮਜ਼ਬੂਤ ਨੀਂਹ ਰੱਖਣ ਵਾਲੀ ਕੰਧ ਦੀ ਤਰ੍ਹਾਂ) ਬਣੀਏ।

ਉੱਪਰ ਦਿੱਤੀਆਂ 18 ਅਤੇ 19 ਆਇਤਾਂ ਵਿੱਚ, ਰਸੂਲ ਪੌਲੁਸ ਪਿਤਾ ਦੇ ਉਸ ਪਿਆਰ ਨੂੰ "ਸਮਝਣ" ਅਤੇ "ਜਾਣਨ" ਦੀ ਗੱਲ ਕਰਦਾ ਹੈ, ਜੋ ਕੇਵਲ

ਬੁੱਧ ਨਾਲ ਸਮਝਿਆ ਜਾਣ ਵਾਲਾ ਨਹੀਂ, ਪਰ ਨਿੱਜੀ ਅਤੇ ਅਨੁਭਵ ਵਾਲਾ ਪਿਆਰ ਹੈ। ਯੂਨਾਨੀ ਭਾਸ਼ਾ ਵਿੱਚ "ਸਮਝਣਾ" ਸ਼ਬਦ ਦਾ ਅਰਥ ਹੈ, ਉਤਸ਼ਾਹ ਨਾਲ ਕਬੂਲ ਕਰਨਾ, ਫੜ੍ਹ ਕੇ ਰੱਖਣਾ, ਆਪਣਾ ਬਣਾਉਣਾ ਅਤੇ ਨਿੱਜੀ ਅਨੁਭਵ ਰਾਹੀਂ ਜਾਣਨਾ। ਸਾਡਾ ਸਵਰਗੀ ਪਿਤਾ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੇ ਜੀਵਨ ਦੇ ਅਨੁਭਵ ਰਾਹੀਂ ਉਸ ਦੇ ਸਾਡੇ ਲਈ ਬਿਨ੍ਹਾਂ ਸ਼ਰਤ ਵਾਲੇ ਪਿਆਰ ਦੀ ਬੇਅੰਤ ਅਤੇ ਅਥਾਹ ਮਹਾਨਤਾ ਨੂੰ ਜਾਣੀਏ।

ਪਿਤਾ ਦੇ ਪਿਆਰ ਦੀ ਚੌੜਾਈ, ਲੰਬਾਈ, ਉੱਚਾਈ ਅਤੇ ਡੂੰਘਾਈ ਬੇਅੰਤ ਹੈ (ਅਫ਼ਸੀਆਂ 3:18)।

- **ਉਸ ਦਾ ਪਿਆਰ ਸੰਸਾਰ ਜਿੰਨਾ ਵਿਸ਼ਾਲ ਹੈ।**
  "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ..." (ਯੂਹੰਨਾ 3:16)।

- **ਉਸ ਦਾ ਪਿਆਰ ਇੰਨਾ ਲੰਮਾ ਹੈ ਕਿ ਕੋਈ ਵੀ ਇੰਨਾ ਦੂਰ ਨਹੀਂ ਭਟਕਿਆ ਜਿੱਥੇ ਉਸ ਦਾ ਪਿਆਰ ਨਾ ਪਹੁੰਚ ਸਕੇ।**
  "ਅਸੀਂ ਸਾਰੇ ਭੇਡਾਂ ਵਾਂਙੁ ਭੁੱਲੇ ਫਿਰਦੇ ਸਾਂ, ਅਸੀਂ ਆਪਣੇ-ਆਪਣੇ ਰਾਹਾਂ ਨੂੰ ਮੁੜੇ ਅਤੇ ਯਹੋਵਾਹ ਨੇ ਸਾਡੀ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ" (ਯਸਾਯਾਹ 53:6)।

- **ਉਸ ਦਾ ਪਿਆਰ ਇੰਨਾ ਡੂੰਘਾ ਹੈ ਕਿ ਉਹ ਸਾਡੀ ਸਭ ਤੋਂ ਡੂੰਘੀ ਟੁੱਟੀ ਹੋਈ ਹਾਲਤ ਤੱਕ ਪਹੁੰਚਦਾ ਹੈ।**
  "ਇਸ ਲਈ ਓਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਿਫਾਰਸ਼ ਕਰਨ ਨੂੰ ਸਦਾ ਜੀਉਂਦਾ ਹੈ" (ਇਬਰਾਨੀਆਂ 7:25)।

- **ਉਸ ਦਾ ਪਿਆਰ ਅਕਾਸ਼ ਵਾਂਗੂ ਉੱਚਾ ਹੈ**
  "ਅਤੇ ਉਸ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸਵਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਇਆ" (ਅਫ਼ਸੀਆਂ 2:6)।

- **ਉਸ ਦਾ ਪਿਆਰ ਸਦੀਪਕ, ਕਾਇਮ ਰਹਿਣ ਵਾਲਾ ਅਤੇ ਅਥਾਹ ਹੈ।**
  "ਮੈਂ ਤੇਰੇ ਨਾਲ ਸਦਾ ਦੇ ਪ੍ਰੇਮ ਨਾਲ ਪ੍ਰੇਮ ਕੀਤਾ..." (ਯਿਰਮਿਯਾਹ 31:3)।

ਯਿਸੂ ਮਸੀਹ ਦੀ ਸਲੀਬ — ਪਰਮੇਸ਼ੁਰ ਦੇ ਅਸੀਮ ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਹੈ

ਯੂਹੰਨਾ 3:16,17

16 ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ਼ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।

17 ਪਰਮੇਸ਼ੁਰ ਨੇ ਪੁੱਤ੍ਰ ਨੂੰ ਜਗਤ ਵਿੱਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ, ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ।

ਰੋਮੀਆਂ 5:8

ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪ੍ਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।

1 ਯੂਹੰਨਾ 4:9,10

9 ਪਰਮੇਸ਼ੁਰ ਦਾ ਪ੍ਰੇਮ ਸਾਡੇ ਵਿੱਚ ਇਸ ਤੋਂ ਪ੍ਰਗਟ ਹੋਇਆ ਜੋ ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤ੍ਰ ਨੂੰ ਸੰਸਾਰ ਵਿੱਚ ਘੱਲਿਆ ਭਈ ਅਸੀਂ ਉਹ ਦੇ ਰਾਹੀਂ ਜੀਵੀਏ।

10 ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪ੍ਰਾਸਚਿੱਤ ਹੋਵੇ।

ਬਾਈਬਲ ਸਾਨੂੰ ਯਿਸੂ ਮਸੀਹ ਦੀ ਸਲੀਬ ਵੱਲ ਇਸ਼ਾਰਾ ਕਰਦੀ ਹੈ, ਜੋ ਸਾਡੇ ਲਈ ਪਿਤਾ ਪਰਮੇਸ਼ੁਰ ਦੇ ਮਹਾਨ ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਅਤੇ ਸਬੂਤ ਹੈ। ਅਕਸਰ, ਪਰਮੇਸ਼ੁਰ ਸਾਨੂੰ ਕਿੰਨਾ ਪਿਆਰ ਕਰਦਾ ਹੈ ਇਹ ਦਰਸਾਉਣ ਜਾਂ ਮਾਨਤਾ ਦੇਣ ਪ੍ਰਤੀ ਅਸੀਂ ਅਸਥਾਈ ਵਸਤੂਆਂ ਦੀ ਵੱਲ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਜੇ ਅਸੀਂ ਆਪਣੀ ਪੜ੍ਹਾਈ ਜਾਂ ਨੌਕਰੀ ਵਿੱਚ ਸਫਲ ਹੋ ਜਾਈਏ, ਤਾਂ ਅਸੀਂ ਇਸ ਗੱਲ ਨੂੰ ਪਰਮੇਸ਼ੁਰ ਦੇ ਪਿਆਰ ਦੀ ਨਿਸ਼ਾਨੀ ਸਮਝ ਲੈਂਦੇ ਹਾਂ। ਪਰ ਜੇ ਅਸੀਂ ਸਫਲ ਨਾ ਹੋਈਏ, ਤਾਂ ਅਸੀਂ ਸੋਚਣ ਲੱਗ ਪੈਂਦੇ ਹਾਂ ਕਿ ਸ਼ਾਇਦ ਪਰਮੇਸ਼ੁਰ ਸਾਡੇ ਨਾਲ ਨਾਰਾਜ਼ ਹੈ ਜਾਂ ਸਾਡੇ ਤੋਂ ਖੁਸ਼ ਨਹੀਂ ਹੈ। ਪਰ ਬਾਈਬਲ ਸਿਖਾਉਂਦੀ ਹੈ ਕਿ ਪਰਮੇਸ਼ੁਰ ਨੇ ਆਪਣਾ ਪਿਆਰ ਇਸ ਤਰ੍ਹਾਂ ਪ੍ਰਗਟ ਕੀਤਾ ਕਿ ਉਸ ਨੇ ਯਿਸੂ ਨੂੰ ਸਾਡੇ ਲਈ ਮਰਨ ਵਾਸਤੇ ਭੇਜਿਆ। ਇਸ ਲਈ, ਜਦੋਂ ਵੀ ਅਸੀਂ ਪਿਤਾ ਪਰਮੇਸ਼ੁਰ ਦੇ ਪਿਆਰ ਦੀ ਕੋਈ ਨਿਸ਼ਾਨੀ ਜਾਂ ਭਰੋਸਾ ਲੱਭਦੇ ਹਾਂ, ਤਾਂ ਸਾਨੂੰ ਯਿਸੂ ਵੱਲ ਅਤੇ ਉਸ ਕੰਮ ਵੱਲ ਦੇਖਣਾ ਚਾਹੀਦਾ ਹੈ ਜੋ ਉਸ ਨੇ ਸਲੀਬ ਉੱਤੇ ਸਾਡੇ ਲਈ ਕੀਤਾ।

ਅਸੀਂ ਪਾਪੀ ਸੀ। ਸਾਡੇ ਪਾਪ ਸਾਨੂੰ ਪਰਮੇਸ਼ੁਰ ਤੋਂ ਦੂਰ ਲੈ ਗਏ ਸਨ। ਪਰ ਯਿਸੂ ਨੇ ਸਲੀਬ ਉੱਤੇ ਸਾਡੇ ਪਾਪਾਂ ਦਾ ਪੂਰਾ ਦੰਡ ਆਪਣੇ ਉੱਤੇ ਲਿਆ। ਉਸ ਨੇ ਪਾਪ, ਸ਼ੈਤਾਨ, ਨਰਕ ਅਤੇ ਮੌਤ ਉੱਤੇ ਜਿੱਤ ਹਾਸਲ ਕੀਤੀ। ਉਹ ਮੁੜ ਜੀ ਉੱਠਿਆ ਅਤੇ ਪਿਤਾ ਕੋਲ ਵਾਪਸ ਗਿਆ। ਉਸ ਨੇ ਹਰ ਉਸ ਗੱਲ ਨੂੰ ਪੂਰਾ ਕੀਤਾ ਜਿਸ ਦੀ ਮਨੁੱਖ ਨੂੰ ਮਾਫ਼ੀ, ਛੁਟਕਾਰਾ ਅਤੇ ਪਰਮੇਸ਼ੁਰ ਦੇ ਪਰਿਵਾਰ ਵਿੱਚ ਆਉਣ ਲਈ ਲੋੜ ਸੀ। ਕੰਮ ਪੂਰਾ ਹੋ ਚੁੱਕਾ ਹੈ। ਇਹ ਪਿਆਰ ਦਾ ਉਹ ਕੰਮ ਸੀ ਜੋ ਪਰਮੇਸ਼ੁਰ ਨੇ ਆਪ ਸਾਡੇ ਲਈ ਕੀਤਾ। ਯਿਸੂ ਮਸੀਹ ਦੀ ਸਲੀਬ ਸਾਡੇ ਲਈ ਪਿਤਾ ਦੇ ਪਿਆਰ ਦੀ ਬੇਅੰਤ ਮਹਾਨਤਾ, ਉਸ ਦੀ ਗਹਿਰਾਈ, ਚੌੜਾਈ, ਲੰਬਾਈ ਅਤੇ ਉੱਚਾਈ ਨੂੰ ਦਿਖਾਉਂਦੀ ਹੈ। ਸਾਡੇ ਹਰ ਇੱਕ ਲਈ ਹੁਣ ਇਹੀ ਬਚਦਾ ਹੈ ਕਿ ਅਸੀਂ ਵਿਸ਼ਵਾਸ ਨਾਲ ਮਸੀਹ ਦੇ ਕੀਤੇ ਹੋਏ ਕੰਮਾਂ ਨੂੰ ਆਪਣੇ ਜੀਵਨ ਵਿੱਚ ਕਬੂਲ ਕਰੀਏ ਅਤੇ ਉਸ ਦੇ ਪੂਰੇ ਕੀਤੇ ਕੰਮਾਂ ਦੇ ਅਨੁਸਾਰ ਜੀਵਨ ਜੀਈਏ।

- ਪਰਮੇਸ਼ੁਰ ਦਾ ਪਿਆਰ ਇੰਨਾ ਵਿਸ਼ਾਲ ਹੈ ਕਿ ਹਰ ਇੱਕ ਮਨੁੱਖ ਉਸ ਵਿੱਚ ਸਮਾ ਸਕਦਾ ਹੈ।
- ਪਰਮੇਸ਼ੁਰ ਦਾ ਪਿਆਰ ਇੰਨਾ ਲੰਮਾ ਹੈ ਕਿ ਉਹ ਸਭ ਤੋਂ ਦੂਰ ਭਟਕੇ ਹੋਏ ਪਾਪੀ ਤੱਕ ਵੀ ਪਹੁੰਚ ਜਾਂਦਾ ਹੈ।
- ਪਰਮੇਸ਼ੁਰ ਦਾ ਪਿਆਰ ਇੰਨਾ ਡੂੰਘਾ ਹੈ ਕਿ ਉਹ ਸਭ ਤੋਂ ਹੇਠਲੇ ਅਤੇ ਹਨੇਰੇ ਸਥਾਨਾਂ ਤੱਕ ਵੀ ਪਹੁੰਚਦਾ ਹੈ।
- ਪਰਮੇਸ਼ੁਰ ਦਾ ਪਿਆਰ ਇੰਨਾ ਉੱਚਾ ਹੈ ਕਿ ਉਹ ਸਾਨੂੰ ਆਪਣੇ ਕੋਲ, ਆਪਣੇ ਸੱਜੇ ਹੱਥ ਵਾਲੀ ਮਹਿਮਾ ਤੱਕ ਉੱਪਰ ਚੁੱਕ ਲੈਂਦਾ ਹੈ।

ਸਲੀਬ ਸਾਨੂੰ ਪੂਰਨ ਪਿਆਰ ਪ੍ਰਾਪਤ ਕਰਨ ਲਈ ਮੁੜ ਬਹਾਲ ਕਰਦੀ ਹੈ

ਪ੍ਰਭੂ ਯਿਸੂ ਸਿਰਫ਼ ਪਰਮੇਸ਼ੁਰ ਦਾ ਅਸੀਮ ਪਿਆਰ ਦਿਖਾਉਣ ਲਈ ਹੀ ਨਹੀਂ ਮਰਿਆ, ਪਰ ਸਾਨੂੰ ਚੰਗਾ ਕਰਨ ਲਈ ਵੀ ਮਰਿਆ।

ਯਸਾਯਾਹ 53:5
ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ,
ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ,
ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ
ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।

ਯਿਸੂ ਨੇ ਸਾਡੇ ਪਾਪਾਂ ਦੀ ਸਜ਼ਾ ਆਪਣੇ ਉੱਤੇ ਲੈ ਲਈ। ਉਸ ਨੇ ਸਾਨੂੰ ਸ਼ਾਂਤੀ ਅਤੇ ਪੂਰਨਤਾ ਦੇਣ ਲਈ ਦੁੱਖ (ਸਜ਼ਾ) ਝੱਲਿਆ। ਇਬਰਾਨੀ ਭਾਸ਼ਾ ਵਿੱਚ ਸ਼ਾਂਤੀ ਲਈ ਸ਼ਬਦ *"ਸ਼ਾਲੋਮ"* ਹੈ, ਜਿਸ ਦਾ ਅਰਥ ਹੈ ਪੂਰਨਤਾ ਅਤੇ ਪੂਰਾ ਭਲਾ ਹੋਣਾ। ਉਸ ਦੇ ਸਹੇ ਹੋਏ ਜਖਮਾਂ ਰਾਹੀਂ ਸਾਨੂੰ ਹਰ ਰੋਗ ਤੋਂ ਚੰਗਿਆਈ ਮਿਲੀ ਹੈ (ਮੱਤੀ 8:16,17)।

ਸਲੀਬ ਰਾਹੀਂ ਉਹ ਸਾਨੂੰ ਪੂਰਨ ਪਿਆਰ ਵੱਲ ਵਧਾਉਂਦਾ ਹੈ ਅਤੇ ਸਾਨੂੰ ਚੰਗਾ ਕਰਦਾ ਹੈ ਤਾਂ ਜੋ ਅਸੀਂ ਉਸ ਦਾ ਪਿਆਰ ਪ੍ਰਾਪਤ ਕਰ ਸਕੀਏ ਅਤੇ ਦੂਜਿਆਂ ਨਾਲ ਸਾਂਝਾ ਕਰ ਸਕੀਏ।

ਜਦੋਂ ਅਸੀਂ ਪਰਮੇਸ਼ੁਰ ਦੇ ਪੁੱਤਰ ਰਾਹੀਂ ਦਿਖਾਏ ਗਏ ਬੇਅੰਤ ਪਿਆਰ ਨੂੰ ਕਬੂਲ ਕਰਦੇ ਹਾਂ, ਤਾਂ ਅਸੀਂ ਅੰਦਰੋਂ ਚੰਗੇ ਹੋ ਜਾਂਦੇ ਹਾਂ। ਅਸੀਂ ਉਸ ਮਹਾਨ ਪਿਆਰ ਨੂੰ ਸਮਝਣ ਲੱਗ ਪੈਂਦੇ ਹਾਂ ਜੋ ਪਰਮੇਸ਼ੁਰ ਸਾਡੇ ਲਈ ਅਤੇ ਸਾਡੇ ਆਲੇ-ਦੁਆਲੇ ਦੇ ਲੋਕਾਂ ਲਈ ਰੱਖਦਾ ਹੈ। ਉਹ ਸਾਡੀ ਪਿਆਰ ਲੈਣ ਅਤੇ ਪਿਆਰ ਦੇਣ ਦੀ ਸਮਰੱਥਾ ਨੂੰ ਹੋਰ ਵਧਾ ਦਿੰਦਾ ਹੈ।

ਉਸ ਦੇ ਮਹਾਨ ਪਿਆਰ ਕਾਰਨ ਬੇਅੰਤ ਦਯਾ ਅਤੇ ਕਿਰਪਾ

ਅਫ਼ਸੀਆਂ 2:1-7

1 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ।

2 ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤ੍ਰਾਂ ਵਿੱਚ ਅਸਰ ਕਰਦੀ ਹੈ।

3 ਅਤੇ ਉਨ੍ਹਾਂ ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤ੍ਰ ਸਾਂ।

4 ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।

5 ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹਾਂ);

6 ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ।

7 ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ, ਉਹ ਆਉਣ ਵਾਲਿਆਂ ਜੁੱਗਾਂ

ਵਿੱਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ।

ਸਾਡੇ ਨਾਲ ਕੀਤੇ ਉਸ ਦੇ ਮਹਾਨ ਪਿਆਰ ਕਰਕੇ, ਪਰਮੇਸ਼ੁਰ ਦਯਾ ਅਤੇ ਕਿਰਪਾ ਵਿੱਚ ਧਨਵਾਨ ਹੈ। ਉਸ ਨੇ ਸਾਨੂੰ ਜੀਉਂਦਾ ਕੀਤਾ ਅਤੇ ਆਪਣੇ ਸੱਜੇ ਹੱਥ ਵਾਲੀ ਥਾਂ ਵਿੱਚ ਬਿਠਾਇਆ।

ਅਸੀਂ ਪਰਮੇਸ਼ੁਰ ਦੇ ਪਿਆਰ ਦੇ ਹੱਕਦਾਰ ਬਣ ਕੇ ਉਸ ਦੇ ਪਿਆਰ ਵਿੱਚ ਨਹੀਂ ਆਏ। ਸਗੋਂ ਉਸ ਦੇ ਪਿਆਰ, ਦਇਆ ਅਤੇ ਕਿਰਪਾ ਕਰਕੇ ਸਾਨੂੰ ਉਸ ਦੇ ਪਿਆਰ ਵਿੱਚ ਲਿਆਂਦਾ ਗਿਆ ਹੈ।

ਪਰਮੇਸ਼ੁਰ ਦਾ ਪਿਆਰ ਉਸ ਦੀ ਦਇਆ ਅਤੇ ਕਿਰਪਾ ਰਾਹੀਂ ਪ੍ਰਗਟ ਹੁੰਦਾ ਹੈ। ਆਪਣੇ ਅਪਾਰ ਪਿਆਰ ਕਰਕੇ, ਪਰਮੇਸ਼ੁਰ ਸਾਡੇ ਉੱਤੇ ਦਇਆ ਕਰਦਾ ਹੈ ਅਤੇ ਸਾਨੂੰ ਆਪਣੀ ਕਿਰਪਾ ਬਖ਼ਸ਼ਦਾ ਹੈ।

ਪਰਮੇਸ਼ੁਰ ਦੀ ਕਿਰਪਾ ਉਸ ਦਾ ਪਿਆਰ, ਦਯਾ ਅਤੇ ਭਲਿਆਈ ਹੈ ਜੋ ਉਹ ਸਾਡੇ ਉੱਤੇ ਕਰਦਾ ਹੈ। ਉਹ ਸਾਡੀਆਂ ਪੁਰਾਣੀਆਂ ਗ਼ਲਤੀਆਂ, ਪਾਪਾਂ ਅਤੇ ਉਲਝਣਾਂ ਨੂੰ ਵੇਖ ਕੇ ਵੀ ਸਾਨੂੰ ਮਾਫ਼ ਕਰਦਾ ਹੈ। ਦਯਾ ਉਸ ਸਜ਼ਾ ਨੂੰ ਰੋਕਦੀ ਹੈ ਜਿਸ ਦੇ ਅਸੀਂ ਹੱਕਦਾਰ ਸੀ। ਪਰਮੇਸ਼ੁਰ ਦਯਾ ਵਿੱਚ ਬਹੁਤ ਧਨਵਾਨ ਹੈ। ਉਸ ਦੀ ਦਯਾ ਤੁਹਾਡੇ ਸਭ ਤੋਂ ਵੱਡੇ ਪਾਪਾਂ ਨਾਲੋਂ ਵੀ ਵੱਧ ਹੈ। ਪਾਪ ਮਹਿੰਗਾ ਹੈ, ਪਰ ਪਰਮੇਸ਼ੁਰ ਦੀ ਦਯਾ ਇਸ ਤੋਂ ਵੀ ਵੱਧ ਧਨਵਾਨ ਹੈ।

ਪਰਮੇਸ਼ੁਰ ਦੀ ਕਿਰਪਾ ਉਹ ਹੈ ਜੋ ਪਰਮੇਸ਼ੁਰ ਸਾਨੂੰ ਦਿੰਦਾ ਜਾਂ ਸਾਡੇ ਲਈ ਕਰਦਾ ਹੈ। ਇਹ ਉਸ ਦੀ ਬਰਕਤ ਅਤੇ ਭਰਪੂਰੀ ਹੈ, ਜੋ ਸਾਨੂੰ ਦਿੱਤੀ ਜਾਂਦੀ ਹੈ। ਕਿਰਪਾ ਸਾਨੂੰ ਉਹ ਦਿੰਦੀ ਹੈ ਜਿਸ ਦੇ ਅਸੀਂ ਯੋਗ ਨਹੀਂ ਸੀ ਅਤੇ ਜੋ ਅਸੀਂ ਆਪਣੇ ਬਲ ਨਾਲ ਕਮਾ ਜਾਂ ਹਾਸਲ ਨਹੀਂ ਕਰ ਸੀ ਸਕਦੇ।

ਉਜਾੜੂ ਪੁੱਤਰ ਦੀ ਕਹਾਣੀ — ਦਯਾ ਅਤੇ ਕਿਰਪਾ ਦਾ ਦਿੱਤਾ ਜਾਣਾ

ਲੂਕਾ 15:11-32

11 ਫੇਰ ਉਸ ਨੇ ਕਿਹਾ ਕਿ ਇੱਕ ਮਨੁੱਖ ਦੇ ਦੋ ਪੁੱਤ੍ਰ ਸਨ।

12 ਅਤੇ ਉਨ੍ਹਾਂ ਵਿੱਚੋਂ ਛੋਟੇ ਨੇ ਪਿਉ ਨੂੰ ਆਖਿਆ, ਪਿਤਾ ਜੀ ਮਾਲ ਦਾ ਜਿਹੜਾ ਹਿੱਸਾ ਮੈਨੂੰ ਪਹੁੰਚਦਾ ਹੈ ਸੋ ਮੈਨੂੰ ਦੇ ਦਿਓ। ਤਾਂ ਉਸ ਨੇ ਉਨ੍ਹਾਂ ਨੂੰ ਪੂੰਜੀ ਵੰਡ ਦਿੱਤੀ।

13 ਥੋੜ੍ਹੇ ਦਿਨਾਂ ਪਿੱਛੋਂ ਛੋਟਾ ਪੁੱਤ੍ਰ ਸੱਭੋ ਕੁਝ ਇਕੱਠਾ ਕਰ ਕੇ ਦੂਰ ਦੇਸ ਨੂੰ ਚਲਿਆ ਗਿਆ ਅਰ ਉੱਥੇ ਆਪਣਾ ਮਾਲ ਬਦ ਚਲਣੀ ਨਾਲ ਉਡਾ ਦਿੱਤਾ।

14 ਜਾਂ ਉਹ ਸਭ ਖ਼ਰਚ ਕਰ ਚੁੱਕਿਆ ਤਾਂ ਉਸ ਦੇਸ਼ ਵਿੱਚ ਵੱਡਾ ਕਾਲ ਪੈ ਗਿਆ ਅਤੇ ਉਹ
ਮੁਹਤਾਜ ਹੋਣ ਲੱਗਾ।
15 ਤਾਂ ਉਹ ਉਸ ਦੇਸ਼ ਦੇ ਕਿਸੇ ਰਹਿਣ ਵਾਲੇ ਦੇ ਕੋਲ ਜਾ ਰਿਹਾ ਅਤੇ ਉਸ ਨੇ ਉਹ ਨੂੰ ਆਪਣਿਆਂ
ਖੇਤਾਂ ਵਿੱਚ ਸੂਰਾਂ ਦੇ ਚਾਰਨ ਲਈ ਘੱਲਿਆ।
16 ਅਰ ਉਹ ਉਨ੍ਹਾਂ ਛਿੱਲੜਾਂ ਨਾਲ ਜਿਹੜੇ ਸੂਰ ਖਾਂਦੇ ਸਨ ਆਪਣਾ ਢਿੱਡ ਭਰਨਾ ਚਾਹੁੰਦਾ ਸੀ
ਪਰ ਕਿਨੇ ਉਹ ਨੂੰ ਕੁਝ ਨਾ ਦਿੱਤਾ।
17 ਪਰ ਉਹ ਨੇ ਸੁਰਤ ਵਿੱਚ ਆਣ ਕੇ ਕਿਹਾ ਭਈ ਮੇਰੇ ਪਿਉ ਦੇ ਕਿੰਨੇ ਹੀ ਕਾਮਿਆਂ ਲਈ ਵਾਫ਼ਰ
ਰੋਟੀਆਂ ਹਨ ਅਤੇ ਮੈਂ ਐੱਥੇ ਭੁੱਖਾ ਮਰਦਾ ਹਾਂ।
18 ਮੈਂ ਉੱਠ ਕੇ ਆਪਣੇ ਪਿਉ ਕੋਲ ਜਾਵਾਂਗਾ ਅਤੇ ਉਸ ਨੂੰ ਆਖਾਂਗਾ, ਪਿਤਾ ਜੀ ਮੈਂ ਅਸਮਾਨ ਦੇ
ਵਿਰੁੱਧ ਤੇ ਤੁਹਾਡੇ ਅੱਗੇ ਗੁਨਾਹ ਕੀਤਾ ਹੈ।
19 ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ। ਮੈਨੂੰ ਆਪਣਿਆਂ ਕਾਮਿਆਂ ਵਿੱਚੋਂ
ਇੱਕ ਜਿਹਾ ਰੱਖ ਲਓ।
20 ਸੋ ਉਹ ਉੱਠ ਕੇ ਆਪਣੇ ਪਿਉ ਕੋਲ ਗਿਆ ਪਰ ਉਹ ਅਜੇ ਦੂਰ ਹੀ ਸੀ ਕਿ ਉਹ ਦੇ ਪਿਉ
ਨੇ ਉਹ ਨੂੰ ਡਿੱਠਾ ਅਤੇ ਉਸ ਨੂੰ ਤਰਸ ਆਇਆ ਅਰ ਦੌੜ ਕੇ ਗਲੇ ਲਾ ਲਿਆ ਅਤੇ ਉਹ ਨੂੰ
ਚੁੰਮਿਆ।
21 ਅਰ ਪੁੱਤ੍ਰ ਨੇ ਉਸ ਨੂੰ ਆਖਿਆ, ਪਿਤਾ ਜੀ ਮੈਂ ਅਸਮਾਨ ਦੇ ਵਿਰੁੱਧ ਅਰ ਤੁਹਾਡੇ ਅੱਗੇ ਗੁਨਾਹ
ਕੀਤਾ ਹੈ। ਹੁਣ ਮੈਂ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ।
22 ਪਰ ਪਿਤਾ ਨੇ ਆਪਣੇ ਨੌਕਰਾਂ ਨੂੰ ਕਿਹਾ ਕਿ ਸਭ ਤੋਂ ਚੰਗੇ ਬਸਤ੍ਰ ਛੇਤੀ ਕੱਢ ਕੇ ਇਹ ਨੂੰ
ਪਹਿਨਾਓ ਅਰ ਇਹ ਦੇ ਹੱਥ ਵਿੱਚ ਅੰਗੂਠੀ ਅਰ ਪੈਰੀਂ ਜੁੱਤੀ ਪਾਓ।
23 ਅਤੇ ਪਲਿਆ ਹੋਇਆ ਵੱਛਾ ਲਿਆ ਕੇ ਕੱਟੋ ਭਈ ਖਾਈਏ ਅਤੇ ਖੁਸ਼ੀ ਕਰੀਏ।
24 ਕਿਉਂ ਜੋ ਮੇਰਾ ਇਹ ਪੁੱਤ੍ਰ ਮੋਇਆ ਹੋਇਆ ਸੀ ਅਤੇ ਫੇਰ ਜੀਅ ਪਿਆ ਹੈ, ਗੁਆਚ ਗਿਆ ਸੀ
ਅਤੇ ਫੇਰ ਲੱਭ ਪਿਆ ਹੈ। ਸੋ ਓਹ ਲੱਗੇ ਖੁਸ਼ੀ ਕਰਨ।
25 ਪਰ ਉਹ ਦਾ ਵੱਡਾ ਪੁੱਤ੍ਰ ਖੇਤ ਵਿੱਚ ਸੀ ਅਰ ਜਾਂ ਉਹ ਆਣ ਕੇ ਘਰ ਦੇ ਨੇੜੇ ਅੱਪੜਿਆ ਤਾਂ
ਗਾਉਣ ਵਜਾਉਣ ਤੇ ਨੱਚਣ ਦੀ ਅਵਾਜ਼ ਸੁਣੀ।
26 ਤਦ ਨੌਕਰਾਂ ਵਿੱਚੋਂ ਇੱਕ ਨੂੰ ਆਪਣੇ ਕੋਲ ਸੱਦ ਕੇ ਪੁੱਛਿਆ ਭਈ ਇਹ ਕੀ ਹੈ?
27 ਉਸ ਨੇ ਉਹ ਨੂੰ ਆਖਿਆ, ਤੇਰਾ ਭਰਾ ਆਇਆ ਹੈ ਅਰ ਤੇਰੇ ਪਿਉ ਨੇ ਪਲਿਆ ਹੋਇਆ ਵੱਛਾ
ਕੱਟਿਆ ਹੈ ਇਸ ਲਈ ਜੋ ਉਹ ਨੂੰ ਭਲਾ ਚੰਗਾ ਪਾਇਆ।
28 ਪਰ ਉਹ ਗੁੱਸੇ ਹੋਇਆ ਅਤੇ ਅੰਦਰ ਜਾਣ ਨੂੰ ਉਹ ਦਾ ਜੀ ਨਾ ਕੀਤਾ। ਸੋ ਉਹ ਦਾ ਪਿਉ
ਬਾਹਰ ਆਣ ਕੇ ਉਹ ਨੂੰ ਮਨਾਉਣ ਲੱਗਾ।
29 ਪਰ ਓਨ ਆਪਣੇ ਪਿਉ ਨੂੰ ਉੱਤਰ ਦਿੱਤਾ, ਵੇਖ ਮੈਂ ਐੱਨੇ ਵਰਿਹਾਂ ਤੋਂ ਤੁਹਾਡੀ ਟਹਿਲ ਕਰਦਾ
ਹਾਂ ਅਤੇ ਤੁਹਾਡਾ ਹੁਕਮ ਕਦੇ ਨਹੀਂ ਮੋੜਿਆ ਪਰ ਤੁਸਾਂ ਮੈਨੂੰ ਕਦੇ ਇੱਕ ਪਠੇਰਾ ਭੀ ਨਾ ਦਿੱਤਾ
ਜੋ ਮੈਂ ਆਪਣਿਆਂ ਬੇਲੀਆਂ ਨਾਲ ਖੁਸ਼ੀ ਕਰਾਂ।
30 ਪਰ ਜਦ ਤੁਹਾਡਾ ਇਹ ਪੁੱਤ੍ਰ ਆਇਆ ਜਿਹ ਨੇ ਕੰਜਰੀਆਂ ਦੇ ਮੂੰਹ ਤੇਰੀ ਪੂੰਜੀ ਉਡਾ ਦਿੱਤੀ
ਤੁਸਾਂ ਉਹ ਦੇ ਲਈ ਪਲਿਆ ਹੋਇਆ ਵੱਛਾ ਕੱਟਿਆ।
31 ਪਰ ਓਨ ਉਸ ਨੂੰ ਆਖਿਆ, ਬੱਚਾ ਤੂੰ ਸਦਾ ਮੇਰੇ ਨਾਲ ਹੈਂ ਅਤੇ ਮੇਰਾ ਸੱਭੋ ਕੁਝ ਤੇਰਾ ਹੈ।

32 ਪਰ ਖੁਸ਼ੀ ਕਰਨੀ ਅਤੇ ਅਨੰਦ ਕਰਨਾ ਜੋਗ ਸੀ ਕਿਉਂਕਿ ਤੇਰਾ ਇਹ ਭਰਾ ਮੋਇਆ ਹੋਇਆ ਸੀ ਅਤੇ ਫੇਰ ਜੀਅ ਪਿਆ ਹੈ ਅਰ ਗੁਆਚ ਗਿਆ ਸੀ ਅਤੇ ਹੁਣ ਲੱਭ ਪਿਆ ਹੈ।

ਪਿਤਾ ਨੇ ਦਯਾ ਅਤੇ ਕਿਰਪਾ ਦਿਖਾ ਕੇ ਆਪਣੇ ਪੁੱਤਰ ਲਈ ਆਪਣੇ ਪਿਆਰ ਨੂੰ ਪ੍ਰਗਟ ਕੀਤਾ।

ਦਯਾ — ਪਿਤਾ ਨੇ ਪੁੱਤਰ ਦੀਆਂ ਸਾਰੀਆਂ ਗ਼ਲਤੀਆਂ ਮਾਫ਼ ਕਰ ਦਿੱਤੀਆਂ। ਉਸ ਨੇ ਜਾਇਦਾਦ ਬਰਬਾਦ ਕਰ ਦਿੱਤੀ ਸੀ, ਪਰਿਵਾਰ ਦੀ ਬੇਇੱਜ਼ਤੀ ਅਤੇ ਬਦਨਾਮੀ ਦਾ ਕਾਰਣ ਬਣਿਆ ਸੀ ਅਤੇ ਆਪਣੇ ਆਪ ਨੂੰ ਵੀ ਘਟਾ ਲਿਆ ਸੀ, ਫਿਰ ਵੀ ਪਿਤਾ ਨੇ ਉਸ ਨੂੰ ਮਾਫ਼ ਕਰ ਦਿੱਤਾ।

ਕਿਰਪਾ — ਪਿਤਾ ਨੇ ਉਸ ਨੂੰ ਉਹ ਸਭ ਕੁਝ ਦਿੱਤਾ ਜਿਸ ਦਾ ਉਹ ਹੱਕਦਾਰ ਨਹੀਂ ਸੀ — ਚੰਗੇ ਕੱਪੜੇ, ਅੰਗੂਠੀ, ਜੁੱਤੀਆਂ, ਦਾਅਵਤ ਅਤੇ ਪਰਿਵਾਰ ਵਿੱਚ ਵਾਰਿਸ ਦੀ ਥਾਂ।

ਜੇ ਅਸੀਂ ਪਰਮੇਸ਼ੁਰ ਵੱਲ ਮੁੜੀਏ, ਤਾਂ ਅਸੀਂ ਵੀ ਉਸ ਦੇ ਅਥਾਹ ਪਿਆਰ, ਭਰਪੂਰ ਦਯਾ ਅਤੇ ਬੇਅੰਤ ਕਿਰਪਾ ਦਾ ਅਨੁਭਵ ਕਰਾਂਗੇ। ਅਸੀਂ ਉਸ ਦੀ ਭਰਪੂਰ ਦਯਾ ਅਤੇ ਸਦੀਪਕ ਕਿਰਪਾ ਨੂੰ ਪ੍ਰਾਪਤ ਕਰਾਂਗੇ।

ਉਸ ਦੇ ਅਸੀਮ ਪਿਆਰ ਤੋਂ ਅਸੀਂ ਕੀ ਸਿੱਖਦੇ ਹਾਂ...

- ਜਦੋਂ ਅਸੀਂ ਵਿਰੋਧ ਕਰਦੇ ਹਾਂ, ਤਦ ਵੀ ਉਹ ਸਾਨੂੰ ਪਿਆਰ ਕਰਦਾ ਹੈ।
- ਜਦੋਂ ਅਸੀਂ ਟੁੱਟੇ ਹੋਏ ਅਤੇ ਬਰਬਾਦ ਹੁੰਦੇ ਹਾਂ, ਤਦ ਵੀ ਉਹ ਸਾਨੂੰ ਪਿਆਰ ਕਰਦਾ ਹੈ।
- ਜਦੋਂ ਅਸੀਂ ਟੁੱਟੇ ਹੋਏ, ਖਾਲੀ ਅਤੇ ਬਰਬਾਦ ਹਾਲਤ ਵਿੱਚ ਹੁੰਦੇ ਹਾਂ, ਤਦ ਵੀ ਉਹ ਸਾਨੂੰ ਪਿਆਰ ਕਰਦਾ ਹੈ।
- ਜਦੋਂ ਅਸੀਂ ਬਹੁਤ ਹੀ ਮਾੜੀ ਹਾਲਤ ਵਿੱਚ ਹੁੰਦੇ ਹਾਂ, ਤਦ ਵੀ ਉਹ ਸਾਡੇ ਨਾਲ ਪਿਆਰ ਕਰਦਾ ਹੈ।

ਇੱਥੇ ਹੈ ਉਹ ਪਿਆਰ ਜੋ ਸਮੁੰਦਰ ਵਾਂਗ ਵਿਸ਼ਾਲ ਹੈ! ਉਸ ਦਾ ਪਿਆਰ ਸਾਡੀ ਸਭ ਤੋਂ ਡੂੰਘੀ ਬੁਰਾਈ, ਸਾਡੀਆਂ ਸਭ ਤੋਂ ਵੱਡੀਆਂ ਭਟਕਣਾਂ, ਸਾਡੇ

ਵਿਸ਼ਵਾਸ ਦੀ ਕਮਜ਼ੋਰੀ ਅਤੇ ਸਾਡੇ ਪੂਰੀ ਤਰ੍ਹਾਂ ਰਾਹ ਤੋਂ ਭਟਕ ਜਾਣ ਨਾਲੋਂ ਵੀ ਕਿਤੇ ਵੱਧ ਹੈ।

ਪਿਤਾ ਸਾਨੂੰ ਬੇਅੰਤ ਕਦੇ ਨਾ ਥੱਕਣ ਵਾਲਾ ਪਿਆਰ ਕਰਦਾ ਹੈ। ਪਿਤਾ ਦਾ ਪਿਆਰ ਮਾਪ ਤੋਂ ਪਰ੍ਹੇ ਹੈ, ਜੋ ਉਸ ਦੇ ਪੁੱਤਰ ਯਿਸੂ ਮਸੀਹ ਵਿੱਚ ਸਾਡੇ ਉੱਤੇ ਪ੍ਰਗਟ ਹੋਇਆ। ਆਪਣੇ ਬੇਅੰਤ ਪਿਆਰ ਦੇ ਰਾਹੀਂ ਉਹ ਸਾਡੇ ਉੱਤੇ ਆਪਣੀ ਦਯਾ ਅਤੇ ਕਿਰਪਾ ਉਂਡੇਲਦਾ ਹੈ।

ਰੋਮੀਆਂ 8:32
"ਜਿਹ ਨੇ ਆਪਣੇ ਹੀ ਪੁੱਤ੍ਰ ਦਾ ਭੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖ਼ਸ਼ੇਗਾ?"

ਉਸ ਦੀ ਦਯਾ ਅਤੇ ਕਿਰਪਾ ਪ੍ਰਾਪਤ ਕਰਨ ਲਈ ਅਤੇ ਪਰਮੇਸ਼ੁਰ ਦੀ ਸੰਤਾਨ ਬਣਨ ਲਈ ਪ੍ਰਾਰਥਨਾ

ਪਰਮੇਸ਼ੁਰ ਸਾਨੂੰ ਇਹ ਅਦਭੁੱਤ ਮੌਕਾ ਦਿੰਦਾ ਹੈ ਕਿ ਅਸੀਂ ਆਪਣੇ ਸਾਰੇ ਪਾਪਾਂ ਦੀ ਮਾਫ਼ੀ ਪ੍ਰਾਪਤ ਕਰੀਏ ਅਤੇ ਯਿਸੂ ਮਸੀਹ ਵਿੱਚ ਵਿਸ਼ਵਾਸ ਰਾਹੀਂ ਉਸ ਦੀ ਆਪਣੀ ਸੰਤਾਨ ਬਣ ਜਾਈਏ। ਇਹ ਫੈਸਲਾ ਸਾਨੂੰ ਹਰ ਇੱਕ ਨੂੰ ਨਿੱਜੀ ਤੌਰ ਤੇ ਲੈਣਾ ਪੈਂਦਾ ਹੈ। ਕੋਈ ਹੋਰ ਸਾਡੇ ਲਈ ਇਹ ਨਹੀਂ ਕਰ ਸਕਦਾ। ਸਾਨੂੰ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਅਤੇ ਆਪਣੀ ਬਾਕੀ ਦੀ ਜ਼ਿੰਦਗੀ ਵਿੱਚ ਉਸ ਦਾ ਅਤੇ ਕੇਵਲ ਉਸ ਦਾ ਪਾਲਣ ਕਰਨ ਦੀ ਨਿੱਜੀ ਚੋਣ ਕਰਨੀ ਹੈ। ਬਾਈਬਲ ਵਿੱਚ ਲਿਖਿਆ ਹੈ: *"ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ, ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ, ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।"* (ਯੂਹੰਨਾ 1:12)।

ਜੇ ਤੁਸੀਂ ਕਦੇ ਆਪਣੇ ਨਿੱਜੀ ਮੁਕਤੀਦਾਤਾ ਅਤੇ ਪ੍ਰਭੂ ਵਜੋਂ ਯਿਸੂ ਨੂੰ ਕਬੂਲ ਕਰਨ ਦਾ, ਆਪਣੇ ਪਾਪਾਂ ਦੀ ਮਾਫ਼ੀ ਲੈਣ ਦਾ ਅਤੇ ਪਰਮੇਸ਼ੁਰ ਦੀ ਸੰਤਾਨ ਬਣਨ ਲਈ ਉਸ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਨਹੀਂ ਕੀਤਾ, ਤਾਂ ਤੁਸੀਂ ਹੁਣ ਇਹ ਕਰ ਸਕਦੇ ਹੋ।

ਤੁਸੀਂ ਆਪਣੇ ਫੈਸਲੇ ਲਈ ਹੇਠਾਂ ਦਿੱਤੀ ਪ੍ਰਾਰਥਨਾ ਨੂੰ ਨਮੂਨੇ ਵਜੋਂ ਵਰਤ ਸਕਦੇ ਹੋ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

ਪਿਆਰੇ ਪ੍ਰਭੂ ਯਿਸੂ,

ਮੇਰੇ ਪਾਪਾਂ ਲਈ ਸਲੀਬ ਉੱਤੇ ਮਰਨ ਅਤੇ ਸਾਡੇ ਲਈ ਪਿਤਾ ਦੇ ਮਹਾਨ ਪਿਆਰ ਨੂੰ ਦਿਖਾਉਣ ਲਈ ਤੁਹਾਡਾ ਧੰਨਵਾਦ। ਮੈਂ ਵਿਸ਼ਵਾਸ ਕਰਦਾ ਹਾਂ ਕਿ ਜਦੋਂ ਤੁਸੀਂ ਮੇਰੇ ਲਈ ਸਲੀਬ ਉੱਤੇ ਮਰੇ, ਤਾਂ ਤੁਸੀਂ ਮੇਰੇ ਸਾਰੇ ਪਾਪਾਂ ਦੀ ਕ਼ੀਮਤ ਚੁਕਾਈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਸ਼ੈਤਾਨ ਨੂੰ ਹਰਾਇਆ, ਨਰਕ ਅਤੇ ਮੌਤ ਉੱਤੇ ਜਿੱਤ ਹਾਸਲ ਕੀਤੀ ਅਤੇ ਤੀਜੇ ਦਿਨ ਜੀ ਉੱਠੇ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਅੱਜ ਜੀਉਂਦੇ ਹੋ ਅਤੇ ਮੈਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਲਿਆਉਣ ਦੀ ਉਡੀਕ ਕਰ ਰਹੇ ਹੋ। ਅੱਜ ਮੈਂ ਤੁਹਾਨੂੰ ਆਪਣੇ ਮੁਕਤੀਦਾਤਾ ਅਤੇ ਪ੍ਰਭੂ ਵਜੋਂ ਕਬੂਲ ਕਰਦਾ ਹਾਂ। ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹਾਂ। ਮੈਨੂੰ ਆਪਣੀ ਸੰਤਾਨ ਬਣਾਓ ਅਤੇ ਬਾਕੀ ਜੀਵਨ ਤੁਹਾਡਾ ਪਾਲਣ ਕਰਨ ਵਿੱਚ ਮੇਰੀ ਮਦਦ ਕਰੋ। ਯਿਸੂ ਦੇ ਨਾਮ ਵਿੱਚ,

ਆਮੀਨ।

ਇੱਥੇ ਪਿਆਰ ਹੈ

(ਵਿਲੀਅਮ ਰੀਸ 1900)

ਇੱਥੇ ਪਿਆਰ ਹੈ, ਸਮੁੰਦਰ ਵਰਗਾ ਵਿਸ਼ਾਲ,
ਦਯਾ ਹੜ੍ਹ ਵਾਂਗੂ,
ਜਦ ਜੀਵਨ ਦੇ ਪ੍ਰਭੂ ਨੇ, ਸਾਡੀ ਰਿਹਾਈ ਲਈ,
ਆਪਣਾ ਅਨਮੋਲ ਲਹੂ ਵਹਾਇਆ।
ਉਸ ਦੇ ਪਿਆਰ ਨੂੰ ਕੌਣ ਨਾ ਯਾਦ ਕਰੇ?
ਉਸ ਦੀ ਸਤੂਤੀ ਕੌਣ ਨਾ ਗਾਵੇ?
ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ,
ਸਵਰਗ ਦੇ ਸਦੀਪਕ ਦਿਨਾਂ ਵਿੱਚ ਵੀ।

ਹੇ ਸਲੀਬ ਦੇ ਪਹਾੜ,
ਉੱਥੇ ਡੂੰਘੇ ਅਤੇ ਵਿਸ਼ਾਲ ਸੋਤੇ ਵਗਦੇ ਹਨ।
ਪਰਮੇਸ਼ੁਰ ਦੀ ਦਯਾ ਦੇ ਦਰਵਾਜ਼ਿਆਂ ਤੋਂ
ਕਿਰਪਾ ਦੀ ਭਰੀ ਹੋਈ ਨਦੀ ਨਿਕਲਦੀ ਹੈ।
ਕਿਰਪਾ ਅਤੇ ਪਿਆਰ, ਵੱਡੀਆਂ ਨਦੀਆਂ ਵਾਂਗ,
ਸਵਰਗ ਤੋਂ ਉਂਡੇਲੇ ਗਏ।
ਅਸੀਮ ਸ਼ਾਂਤੀ ਅਤੇ ਪੂਰਾ ਅਰਾਮ
ਦੋਸ਼ੀ ਸੰਸਾਰ ਨੂੰ ਪਿਆਰ ਨਾਲ ਛੂਹ ਗਏ।

ਮੈਂ ਤੇਰੇ ਪਿਆਰ ਨੂੰ ਕਬੂਲ ਕਰਾਂ,
ਆਪਣੇ ਸਾਰੇ ਦਿਨ ਤੈਨੂੰ ਪਿਆਰ ਕਰਾਂ।
ਕੇਵਲ ਤੇਰੇ ਰਾਜ ਨੂੰ ਹੀ ਲੱਭਾਂ,
ਮੇਰਾ ਜੀਵਨ ਤੇਰੀ ਸਤੂਤੀ ਲਈ ਹੋਵੇ।
ਤੂੰ ਹੀ ਮੇਰੀ ਮਹਿਮਾ ਹੈਂ,
ਮੈਂ ਦੁਨੀਆਂ ਵਿੱਚ ਹੋਰ ਕੁਝ ਨਹੀਂ ਵੇਖਦਾ।

ਤੂੰ ਮੈਨੂੰ ਧੋ ਕੇ ਸ਼ੁੱਧ ਕੀਤਾ,
ਤੂੰ ਮੈਨੂੰ ਅਜ਼ਾਦ ਕੀਤਾ।

ਤੂੰ ਸਚਾਈ ਵਿੱਚ ਮੇਰੀ ਅਗਵਾਈ ਕਰਦਾ ਹੈਂ,
ਆਪਣੀ ਆਤਮਾ ਅਤੇ ਆਪਣੇ ਵਚਨ ਨਾਲ।
ਤੇਰੀ ਕਿਰਪਾ ਮੇਰੀ ਹਰ ਲੋੜ ਪੂਰੀ ਕਰਦੀ ਹੈ,
ਜਦ ਮੈਂ ਤੇਰੇ ਉੱਤੇ ਵਿਸ਼ਵਾਸ ਕਰਦਾ ਹਾਂ।
ਆਪਣੀ ਭਰਪੂਰੀ ਵਿੱਚੋਂ ਤੂੰ ਉਂਡੇਲਦਾ ਹੈਂ
ਆਪਣਾ ਮਹਾਨ ਪਿਆਰ ਅਤੇ ਸਮਰੱਥਾ ਮੇਰੇ ਉੱਤੇ।
ਅਥਾਹ, ਅਸੀਮ ਅਤੇ ਭਰਪੂਰ,
ਮੇਰਾ ਦਿਲ ਤੇਰੀ ਵੱਲ ਖਿੱਚਿਆ ਜਾਂਦਾ ਹੈ।

ਪ੍ਰਤੀਬਿੰਬ



1) ਵਿਸ਼ਵਾਸੀਆਂ ਵਜੋਂ ਪਰਮੇਸ਼ੁਰ ਦੇ ਅਸੀਮ ਪਿਆਰ ਵਿੱਚ “ਜੜ੍ਹ ਪੱਕੀ” ਕਰਨਾ ਅਤੇ “ਨੀਂਹ ਰੱਖਣਾ” ਕਿਉਂ ਮਹੱਤਵਪੂਰਨ ਹੈ?

2) ਪਰਮੇਸ਼ੁਰ ਦੀ ਦਇਆ ਅਤੇ ਕਿਰਪਾ ਸਾਡੇ ਲਈ ਉਸ ਦੇ ਅਥਾਹ ਪਿਆਰ ਤੋਂ ਵਹਿੰਦੀ ਹੈ। “ਦਇਆ” ਅਤੇ “ਕਿਰਪਾ” ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ?

3) ਕਲਪਨਾ ਕਰੋ ਕਿ ਤੁਸੀਂ ਪਰਮੇਸ਼ੁਰ ਦੇ ਪਿਆਰ ਦੇ ਸਮੁੰਦਰ ਵਿੱਚ ਡੁੱਬੇ ਹੋਏ ਹੋ। ਆਪਣੇ ਵਿਚਾਰ ਲਿਖੋ। ਬਿਨ੍ਹਾਂ ਸ਼ਰਤ ਅਤੇ ਬੇਅੰਤ ਤਰੀਕੇ ਨਾਲ ਪਿਆਰ ਕੀਤੇ ਜਾਣ ਦਾ ਤੁਹਾਡੇ ਲਈ ਕੀ ਅਰਥ ਹੈ?

3
ਸਾਡੇ ਸਵਰਗੀ ਪਿਤਾ ਦੀ ਅਸਲੀ ਤਸਵੀਰ

ਸਾਡੇ ਕੋਲ ਪਰਮੇਸ਼ੁਰ ਦੀ ਸਹੀ ਅਤੇ ਅਸਲੀ ਤਸਵੀਰ ਹੋਣੀ ਬਹੁਤ ਜ਼ਰੂਰੀ ਹੈ, ਜਿਵੇਂ ਕਿ ਪਰਮੇਸ਼ੁਰ ਦੇ ਵਚਨ ਵਿੱਚ ਦਰਸਾਈ ਗਈ ਹੈ।

ਗ਼ਲਤ ਤਸਵੀਰ ਕਾਰਨ ਅਸੀਂ ਪਰਮੇਸ਼ੁਰ ਦੇ ਸਾਹਮਣੇ ਗ਼ਲਤ ਰਵੱਈਆ ਅਪਣਾਉਂਦੇ ਹਾਂ, ਅਰਥਾਤ ਅਸੀਂ ਪਰਮੇਸ਼ੁਰ ਨਾਲ ਗ਼ਲਤ ਤਰੀਕੇ ਨਾਲ ਵਰਤਾਓ ਕਰਦੇ ਹਾਂ। ਉਦਾਹਰਣ ਦੇ ਲਈ, ਜੇ ਅਸੀਂ ਸੋਚਦੇ ਹਾਂ ਕਿ ਪਰਮੇਸ਼ੁਰ ਕੰਜੂਸ ਹੈ, ਖੁੱਲ੍ਹੇ ਦਿਲ ਵਾਲਾ ਨਹੀਂ ਹੈ ਅਤੇ ਆਪਣੇ ਲੋਕਾਂ ਨੂੰ ਬਰਕਤ ਦੇਣ ਜਾਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇੱਛੁਕ ਨਹੀਂ ਹੈ, ਤਾਂ ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀਆਂ ਬਰਕਤਾਂ ਅਤੇ ਪ੍ਰਬੰਧ ਲਈ ਦਲੇਰੀ ਨਾਲ ਪ੍ਰਾਰਥਨਾ ਨਹੀਂ ਕਰ ਸਕਾਂਗੇ। ਸਾਡੀਆਂ ਪ੍ਰਾਰਥਨਾਵਾਂ “ਜੇ” ਅਤੇ “ਸ਼ਾਇਦ” ਨਾਲ ਭਰੀਆਂ ਹੋਣਗੀਆਂ।

ਸਵਰਗੀ ਪਿਤਾ ਦੀ ਗ਼ਲਤ ਤਸਵੀਰ ਸਾਨੂੰ ਪਰਮੇਸ਼ੁਰ ਦੀ ਇੱਛਾ ਬਾਰੇ ਅਣਜਾਣ ਅਤੇ ਅਨਿਸ਼ਚਿਤ ਰੱਖ ਸਕਦੀ ਹੈ।

ਸਵਰਗੀ ਪਿਤਾ ਦੀ ਗ਼ਲਤ ਤਸਵੀਰ ਜੀਵਨ ਦੀਆਂ ਮੁਸ਼ਕਲਾਂ ਵਿੱਚ ਸਾਨੂੰ ਕਮਜ਼ੋਰ ਅਤੇ ਡਰਿਆ ਹੋਇਆ ਰੱਖ ਸਕਦੀ ਹੈ। ਅਸੀਂ ਇਹ ਨਿਸ਼ਚਤ ਤੌਰ ‘ਤੇ ਨਹੀਂ ਜਾਣਦੇ ਕਿ ਪਿਤਾ ਸਾਡੇ ਨਾਲ ਖੁਸ਼ ਹੈ ਜਾਂ ਗੁੱਸੇ ਵਿੱਚ ਹੈ।

ਸਾਡੇ ਵਿੱਚੋਂ ਕੁਝ ਲੋਕ ਅਜਿਹੇ ਘਰਾਂ ਵਿੱਚ ਪਲੇ-ਵਧੇ ਹਨ ਜਿੱਥੇ ਅਸੀਂ ਕਦੇ ਮਾਪਿਆਂ ਦੇ ਪਿਆਰ ਜਾਂ ਪਿਤਾ ਦੇ ਪਿਆਰ ਨੂੰ ਮਹਿਸੂਸ ਨਹੀਂ ਕੀਤਾ। ਹੋ ਸਕਦਾ ਹੈ ਕਿ ਸਾਡੇ ਮਾਪੇ ਚੰਗੇ ਰਹੇ ਹੋਣ, ਪਰ ਅਸੀਂ ਕਦੇ ਉਨ੍ਹਾਂ ਦੇ ਪਿਆਰ ਦਾ ਅਨੁਭਵ ਨਹੀਂ ਕੀਤਾ।

ਇਸ ਲਈ, ਇਸ ਅਧਿਆਇ ਵਿੱਚ, ਅਸੀਂ ਆਪਣੇ ਨਿੱਜੀ ਅਨੁਭਵਾਂ ਜਾਂ ਪਹਿਲਾਂ ਤੋਂ ਬਣੇ ਵਿਚਾਰਾਂ ਦੀ ਥਾਂ, ਪਰਮੇਸ਼ੁਰ ਨੂੰ ਸਵਰਗੀ ਪਿਤਾ ਵਜੋਂ ਪਵਿੱਤਰ

ਬਾਈਬਲ ਦੇ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਅਧਿਆਇ ਦਾ ਉਦੇਸ਼ ਸਾਡੇ ਸਵਰਗੀ ਪਿਤਾ ਬਾਰੇ ਪਵਿੱਤਰ ਬਾਈਬਲ ਅਨੁਸਾਰ ਸਮਝ ਪ੍ਰਾਪਤ ਕਰਨਾ ਹੈ। ਇਹ ਪੂਰਾ ਵਰਣਨ ਨਹੀਂ ਹੈ, ਪਰ ਇਹ ਮਹੱਤਵਪੂਰਨ ਅਤੇ ਜ਼ਰੂਰੀ ਗੱਲਾਂ ਹਨ ਜੋ ਸਾਡੇ ਸਵਰਗੀ ਪਿਤਾ ਦੀ ਪਵਿੱਤਰ ਬਾਈਬਲ ਅਧਾਰਿਤ ਤਸਵੀਰ ਬਣਾਉਣ ਵਿੱਚ ਮਦਦ ਕਰਦੀਆਂ ਹਨ।

ਨਾ ਬਦਲਣ ਵਾਲਾ ਸਵਰਗੀ ਪਿਤਾ

ਪਰਮੇਸ਼ੁਰ ਨਾ ਬਦਲਣ ਵਾਲਾ ਸਵਰਗੀ ਪਿਤਾ ਹੈ ਜਿਸ 'ਤੇ ਨਿਰਭਰ ਰਿਹਾ ਜਾ ਸਕਦਾ ਹੈ ਅਤੇ ਭਰੋਸਾ ਰੱਖਿਆ ਜਾ ਸਕਦਾ ਹੈ। ਉਹ ਅਜਿਹੇ ਪਿਤਾ ਵਾਂਗ ਨਹੀਂ ਹੈ ਜਿਸ ਦੇ ਸੁਭਾਅ ਬਾਰੇ ਤੁਹਾਨੂੰ ਪਤਾ ਨਾ ਹੋਵੇ ਕਿ ਉਹ ਕਿਵੇਂ ਵਰਤਾਓ ਕਰਨਗੇ ਜਾਂ ਕਿਵੇਂ ਪ੍ਰਤੀਕਿਰਿਆ ਦੇਣਗੇ।

ਯਾਕੂਬ 1:17
ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸੱਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ।

ਸਾਡਾ ਸਵਰਗੀ ਪਿਤਾ ਜੋ ਹੈ, ਜੋ ਕਹਿੰਦਾ ਹੈ ਅਤੇ ਜੋ ਕਰਦਾ ਹੈ, ਉਸ ਵਿੱਚ ਸਦਾ ਇਕਸਾਰ ਰਹਿੰਦਾ ਹੈ। ਅਸੀਂ ਉਸ 'ਤੇ ਭਰੋਸਾ ਕਰ ਸਕਦੇ ਹਾਂ ਅਤੇ ਪੂਰੀ ਤਰ੍ਹਾਂ ਉਸ 'ਤੇ ਨਿਰਭਰ ਰਹਿ ਸਕਦੇ ਹਾਂ।

ਕਦੇ ਨਾਕਾਮ ਨਾ ਹੋਣ ਵਾਲਾ ਸਵਰਗੀ ਪਿਤਾ

ਪਰਮੇਸ਼ੁਰ ਅਜਿਹਾ ਸਵਰਗੀ ਪਿਤਾ ਹੈ ਜੋ ਸਾਨੂੰ ਕਦੇ ਨਿਰਾਸ਼ ਨਹੀਂ ਕਰਦਾ। ਇਹ ਉਨ੍ਹਾਂ ਮਾਪਿਆਂ ਤੋਂ ਬਿਲਕੁਲ ਵੱਖਰਾ ਹੈ ਜੋ ਸਾਨੂੰ ਨੀਵਾਂ ਦਿਖਾਉਂਦੇ ਹਨ ਜਾਂ ਜ਼ਰੂਰਤ ਵੇਲੇ ਨਾਲ ਨਹੀਂ ਹੁੰਦੇ। ਕੁਝ ਮਾਪੇ "ਮੌਜੂਦ" ਤਾਂ ਹੁੰਦੇ ਹਨ, ਪਰ ਜਦੋਂ ਸਾਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਤਦ ਉਹ ਸਾਡੇ ਨਾਲ ਨਹੀਂ ਹੁੰਦੇ।

ਇਬਰਾਨੀਆਂ 13:5
ਤੁਸੀਂ ਮਾਇਆ ਦੇ ਲੋਭ ਤੋਂ ਰਹਿਤ ਰਹੋ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸੰਤੋਖ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।

ਪਰਮੇਸ਼ੁਰ ਉਹ ਸਵਰਗੀ ਪਿਤਾ ਹੈ ਜੋ ਸਾਡੇ ਲਈ ਹਮੇਸ਼ਾਂ ਮੌਜੂਦ ਰਹਿੰਦਾ ਹੈ। ਉਹ ਇੰਨਾ ਚੰਗਾ ਹੈ ਕਿ ਸਾਨੂੰ ਕਿਸੇ ਤਰ੍ਹਾਂ ਦੀ ਹਾਨੀ ਨਹੀਂ ਪਹੁੰਚਾਉਂਦਾ,

ਇੰਨਾ ਬੁੱਧੀਮਾਨ ਹੈ ਕਿ ਕੋਈ ਗ਼ਲਤੀ ਨਹੀਂ ਕਰਦਾ ਅਤੇ ਇੰਨਾ ਸ਼ਕਤੀਸ਼ਾਲੀ ਹੈ ਕਿ ਸਾਨੂੰ ਨੀਵਾਂ ਨਹੀਂ ਦਿਖਾਉਂਦਾ।

ਭਰਪੂਰ ਅਤੇ ਖੁੱਲ੍ਹੇ ਦਿਲ ਦਾ ਪਿਤਾ

ਪਰਮੇਸ਼ੁਰ ਅਜਿਹਾ ਸਵਰਗੀ ਪਿਤਾ ਹੈ ਜੋ ਭਰਪੂਰ ਅਤੇ ਖੁੱਲ੍ਹੇ ਦਿਲ ਵਾਲਾ ਹੈ। ਇਹ ਉਨ੍ਹਾਂ ਕੰਜੂਸ ਅਤੇ ਤੰਗ ਦਿਲ ਮਾਪਿਆਂ ਦੇ ਵਿਰੁੱਧ ਹੈ, ਜਿਨ੍ਹਾਂ ਕੋਲੋਂ ਕੁਝ ਮੰਗਣ ਤੋਂ ਵੀ ਡਰ ਲੱਗਦਾ ਹੈ। ਪਰਮੇਸ਼ੁਰ ਸਾਡੀ ਹਰ ਲੋੜ ਪੂਰੀ ਕਰਦਾ ਹੈ।

ਮੱਤੀ 6:31,32

31 ਸੋ ਤੁਸੀਂ ਚਿੰਤਾ ਕਰ ਕੇ ਇਹ ਨਾ ਕਹੋ ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਜਾਂ ਕੀ ਪਹਿਨਾਂਗੇ?

32 ਪਰਾਈਆਂ ਕੌਮਾਂ ਦੇ ਲੋਕ ਤਾਂ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ, ਕਿਉਂ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਨ੍ਹਾਂ ਸਭਨਾਂ ਵਸਤਾਂ ਦੀ ਲੋੜ ਹੈ।

ਮੱਤੀ 7:7-11

7 ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ।

8 ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।

9 ਜਾਂ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤ੍ਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ?

10 ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ?

11 ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ?

ਪਰਮੇਸ਼ੁਰ ਸਰੀਰਕ ਮਾਪਿਆਂ ਨਾਲੋਂ ਕਈ ਗੁਣਾ ਵਧੀਆ ਹੈ। ਉਹ ਸਾਡੀਆਂ ਲੋੜਾਂ ਨੂੰ ਜਾਣਦਾ ਹੈ ਅਤੇ ਆਪਣੇ ਬੱਚਿਆਂ ਨੂੰ ਚੰਗੀਆਂ ਵਸਤਾਂ ਦਿੰਦਾ ਹੈ।

ਯਾਕੂਬ 1:5

ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ।

ਪਰਮੇਸ਼ੁਰ ਸਭ ਨੂੰ ਦਿੰਦਾ ਹੈ। ਉਹ ਖੁੱਲ੍ਹੇ ਦਿਲ ਨਾਲ ਦਿੰਦਾ ਹੈ ਅਤੇ ਉਲਾਂਭੇ, ਬਿਨ੍ਹਾਂ ਸ਼ਿਕਾਇਤ ਜਾਂ ਤਕਰਾਰ ਦੇ ਦਿੰਦਾ ਹੈ।

ਜ਼ਬੂਰ 84:11
ਯਹੋਵਾਹ ਪਰਮੇਸ਼ੁਰ ਇੱਕ ਸੂਰਜ ਤੇ ਇੱਕ ਢਾਲ ਹੈ,
ਯਹੋਵਾਹ ਦਯਾ ਅਤੇ ਤੇਜ ਦੇਵੇਗਾ,
ਉਸ ਸਿੱਧਿਆਈ ਵਿੱਚ ਚੱਲਣ ਵਾਲਿਆਂ ਤੋਂ ਕੋਈ ਚੰਗੀ ਚੀਜ਼ ਨਾ ਰੋਕੇਗਾ।

ਸਾਡੇ ਭਰਪੂਰ ਅਤੇ ਖੁੱਲ੍ਹੇ ਦਿਲ ਵਾਲੇ ਸਵਰਗੀ ਪਿਤਾ ਨੂੰ ਜਾਣਨਾ ਸਾਨੂੰ ਅਜ਼ਾਦ ਕਰਦਾ ਹੈ, ਤਾਂ ਜੋ ਅਸੀਂ ਇਹ ਜਾਣਦੇ ਹੋਏ ਕਿ ਉਹ ਸਾਡੀ ਲੋੜ ਪੂਰੀ ਕਰੇਗਾ, ਹੌਂਸਲੇ ਨਾਲ ਕਿਰਪਾ ਦੇ ਸਿੰਘਾਸਣ ਕੋਲ ਮਦਦ ਅਤੇ ਪ੍ਰਬੰਧ ਮੰਗਣ ਲਈ ਆ ਸਕੀਏ।

ਦਿਆਲੂ ਪਿਤਾ

ਪਰਮੇਸ਼ੁਰ ਸਾਡਾ ਸਵਰਗੀ ਪਿਤਾ ਹੈ ਜੋ ਗੁੱਸਾ ਕਰਨ ਵਿੱਚ ਧੀਰਜੀ ਅਤੇ ਦਯਾ ਕਰਨ ਵਿੱਚ ਧਨੀ ਹੈ। ਇਹ ਉਨ੍ਹਾਂ ਮਾਪਿਆਂ ਦੇ ਵਿਰੁੱਧ ਹੈ ਜੋ ਗੁੱਸੇ ਵਾਲੇ ਸੁਭਾਅ ਦੇ ਹੁੰਦੇ ਹਨ, ਚਿੜਚਿੜੇ ਹੁੰਦੇ ਹਨ ਅਤੇ ਜਲਦੀ ਗੁੱਸੇ ਵਿੱਚ ਆ ਜਾਂਦੇ ਹਨ।

ਅਸੀਂ ਸਭ ਗ਼ਲਤੀਆਂ ਕਰਦੇ ਹਾਂ, ਪਰ ਸਾਡਾ ਦਿਆਲੂ ਸਵਰਗੀ ਪਿਤਾ ਮਾਫ਼ ਕਰਨ ਵਾਲਾ ਹੈ।

ਜ਼ਬੂਰ 103:8
ਯਹੋਵਾਹ ਦਿਆਲੂ ਤੇ ਕਿਰਪਾਲੂ ਹੈ, ਗੁੱਸੇ ਵਿੱਚ ਧੀਰਜੀ ਅਤੇ ਦਯਾ ਨਾਲ ਭਰਪੂਰ ਹੈ।

ਵਿਰਲਾਪ ਗੀਤ 3:22,23
22 ਏਹ ਯਹੋਵਾਹ ਦੀ ਦਯਾ ਹੈ ਕਿ ਅਸੀਂ ਮੁੱਕੇ ਨਹੀਂ,
ਉਸ ਦਾ ਰਹਮ ਅਟੁੱਟ ਜੋ ਹੈ!
23 ਓਹ ਹਰ ਸਵੇਰ ਨੂੰ ਤਾਜ਼ਾ ਹਨ,
ਤੇਰੀ ਵਫ਼ਾਦਾਰੀ ਵੱਡੀ ਹੈ।

ਪਰਮੇਸ਼ੁਰ ਦਿਆਲੂ ਸਵਰਗੀ ਪਿਤਾ ਹੈ ਜੋ ਦੂਜਾ ਮੌਕਾ ਦਿੰਦਾ ਹੈ!

ਸਾਡਾ ਸਵਰਗੀ ਪਿਤਾ ਪਰਮੇਸ਼ੁਰ ਆਪਣੀ ਦਯਾ ਅਨੁਸਾਰ ਸਾਨੂੰ ਪਿਆਰ ਨਾਲ ਸਿੱਧ ਕਰਦਾ ਅਤੇ ਅਨੁਸ਼ਾਸਨ ਵੀ ਦਿੰਦਾ ਹੈ। ਉਸ ਦੇ ਹਰ ਅਨੁਸ਼ਾਸਨ ਵਿੱਚ ਦਯਾ ਅਤੇ ਸਾਡਾ ਭਲਾ ਸ਼ਾਮਲ ਹੁੰਦਾ ਹੈ।

ਅਸੀਂ ਅਗਲੇ ਅਧਿਆਇ ਵਿੱਚ ਇਸ ਬਾਰੇ ਹੋਰ ਗੱਲ ਕਰਾਂਗੇ।

ਛੁਡਾਉਣ ਵਾਲਾ ਪਿਤਾ

ਪਰਮੇਸ਼ੁਰ ਸਾਡਾ ਸਵਰਗੀ ਛੁਡਾਉਣ ਵਾਲਾ ਪਿਤਾ ਹੈ, ਜੋ ਆਪਣੇ ਹਰ ਕੰਮ ਵਿੱਚ ਛੁਟਕਾਰਾ, ਮੁੜ ਪ੍ਰਾਪਤੀ, ਮੁੜ ਬਹਾਲੀ, ਮੁੜ ਨਿਰਮਾਣ ਅਤੇ ਹੋਰ ਵੱਡੀ ਮਹਿਮਾ ਤੱਕ ਚੁੱਕਣ ਦੇ ਰਾਹ ਲੱਭਦਾ ਹੈ। ਇਹ ਉਨ੍ਹਾਂ ਮਾਪਿਆਂ ਤੋਂ ਵੱਖਰਾ ਹੈ ਜੋ ਆਖ਼ਰੀ ਚੇਤਾਵਨੀ ਦੇ ਕੇ ਰਿਸ਼ਤਾ ਖ਼ਤਮ ਕਰ ਦਿੰਦੇ ਹਨ।

ਯਸਾਯਾਹ 63:16
ਤੂੰ ਤਾਂ ਸਾਡਾ ਪਿਤਾ ਹੈਂ,
ਭਾਵੇਂ ਅਬਰਾਹਾਮ ਸਾਨੂੰ ਨਹੀਂ ਜਾਣਦਾ ਅਤੇ ਇਸਰਾਏਲ ਸਾਨੂੰ ਨਹੀਂ ਸਿਆਣਦਾ,
ਪਰ ਤੂੰ ਯਹੋਵਾਹ ਸਾਡਾ ਪਿਤਾ ਹੈ, ਸਾਡਾ ਛੁਡਾਉਣ ਵਾਲਾ, ਤੇਰਾ ਨਾਮ ਸਦੀਪਕ ਕਾਲ ਤੋਂ ਹੈ।

ਇਸ ਵਿਸ਼ੇ ਬਾਰੇ ਹੋਰ ਜਾਣਨ ਲਈ ਏਪੀਸੀ ਪ੍ਰਕਾਸ਼ਨ ਦੀ ਮੁਫ਼ਤ ਕਿਤਾਬ apcwo.org/books ਉੱਤੇ ਵੇਖੋ: **"ਪਰਮੇਸ਼ੁਰ ਦਾ ਛੁਡਾਉਣ ਵਾਲਾ ਦਿਲ।"**

ਕਬੂਲ ਕਰਨ ਵਾਲਾ ਪਿਤਾ

ਪਰਮੇਸ਼ੁਰ ਸਾਡਾ ਸਵਰਗੀ ਪਿਤਾ ਹੈ, ਜੋ ਸਾਨੂੰ ਕਬੂਲ ਕਰਦਾ ਹੈ। ਉਹ ਸਾਡੇ ਵਿੱਚ ਖੁਸ਼ ਹੁੰਦਾ ਹੈ ਅਤੇ ਪਿਆਰ ਭਰੀ ਨਿਗਾਹ ਨਾਲ ਸਾਡੇ ਵੱਲ ਵੇਖਦਾ ਹੈ। ਇਹ ਉਨ੍ਹਾਂ ਮਾਪਿਆਂ ਦੇ ਵਿਰੁੱਧ ਹੈ, ਜੋ ਹਮੇਸ਼ਾ ਸਾਨੂੰ ਹੇਠਾਂ ਦਿਖਾਉਂਦੇ ਹਨ, ਸਾਡੇ ਬਾਰੇ ਘੱਟ ਸੋਚਦੇ ਹਨ, ਸਾਨੂੰ ਅਯੋਗ ਸਮਝਦੇ ਹਨ ਅਤੇ ਸਾਡੇ ਪ੍ਰਤੀ ਸ਼ੱਕ ਜਾਂ ਕਬੂਲ ਨਾ ਕਰਨ ਦਾ ਭਾਵ ਰੱਖਦੇ ਹਨ।

ਅਫ਼ਸੀਆਂ 1:4-6
4 ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁੱਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।
5 ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋਂ ਹੀ ਠਹਿਰਾਇਆ।
6 ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।

ਕਿਉਂਕਿ ਅਸੀਂ ਜਾਣਦੇ ਹਾਂ ਕਿ ਉਸ ਦੀ ਨਿਗਾਹ ਵਿੱਚ ਅਸੀਂ ਪਿਆਰੇ ਅਤੇ ਕਬੂਲ ਕੀਤੇ ਹੋਏ ਹਾਂ, ਇਸ ਲਈ ਅਸੀਂ ਉਸ ਦੀ ਹਜ਼ੂਰੀ ਵਿੱਚ ਆਦਰ ਨਾਲ, ਪਰ ਖੁਸ਼ੀ ਅਤੇ ਅਜ਼ਾਦੀ ਨਾਲ ਦਾਖ਼ਲ ਹੁੰਦੇ ਹਾਂ, ਇਹ ਜਾਣਦੇ ਹੋਏ ਕਿ ਸਾਡਾ ਉੱਥੇ ਹਮੇਸ਼ਾ ਸਵਾਗਤ ਹੋਵੇਗਾ। ਉਹ ਸਵਰਗੀ ਪਿਤਾ ਹੈ, ਜੋ ਸਾਡੇ ਨਾਲ ਖੁਸ਼

ਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਅਸੀਂ ਵੀ ਉਸ ਨਾਲ ਖੁਸ਼ ਰਹੀਏ।

ਸਾਨੂੰ ਜਿਵੇਂ ਅਸੀਂ ਹਾਂ, ਉਸੇ ਤਰ੍ਹਾਂ ਕਬੂਲ ਕੀਤਾ ਗਿਆ ਹੈ — ਅਤੇ ਜਿਵੇਂ ਉਸ ਨੇ ਸਾਨੂੰ ਮਸੀਹ ਵਿੱਚ ਬਣਾਇਆ ਹੈ, ਉਸੇ ਤਰ੍ਹਾਂ ਕਬੂਲ ਕੀਤਾ ਹੈ। ਕਬੂਲ ਕਰਨਾ ਜਾਂ ਪ੍ਰਸ਼ੰਸਾ ਪਾਉਣ ਲਈ ਸਾਨੂੰ ਕੁਝ "ਹਾਸਲ ਕਰਨ" ਦੀ ਲੋੜ ਨਹੀਂ ਹੈ। ਅਸੀਂ ਪਹਿਲਾਂ ਹੀ ਕਬੂਲ ਕੀਤੇ ਗਏ ਹਾਂ। ਨਾ ਮਨਜ਼ੂਰ ਹੋਣ ਦਾ ਹਰ ਅਹਿਸਾਸ ਦੂਰ ਹੋ ਗਿਆ ਹੈ!

ਭਰਪੂਰ ਕਿਰਪਾ ਦਾ ਪਿਤਾ

ਪਰਮੇਸ਼ੁਰ ਸਵਰਗੀ ਪਿਤਾ ਹੈ ਜੋ ਕਿਰਪਾ ਨਾਲ ਭਰਪੂਰ ਹੈ। ਉਹ ਸਾਨੂੰ ਮੂੰਹ ਮੰਗੀ ਹਰ ਚੀਜ਼ ਦਿੰਦਾ ਹੈ, ਜਿਨ੍ਹਾਂ ਦੇ ਅਸੀਂ ਹੱਕਦਾਰ ਨਹੀਂ ਹਾਂ, ਸਿਰਫ਼ ਇਸ ਲਈ ਕਿਉਂਕਿ ਉਹ ਸਾਡੇ ਪ੍ਰਤੀ ਦਿਆਲੂ ਅਤੇ ਮਿਹਰਬਾਨ ਹੈ। ਇਹ ਉਨ੍ਹਾਂ ਮਾਪਿਆਂ ਤੋਂ ਵੱਖਰਾ ਹੈ ਜਿਨ੍ਹਾਂ ਲਈ ਹਰ ਚੀਜ਼ ਕਮਾਈ ਜਾਂਦੀ ਹੈ ਅਤੇ ਸਾਨੂੰ ਸਿਰਫ਼ ਉਹੀ ਮਿਲਦਾ ਹੈ, ਜਿਸ ਦੇ ਅਸੀਂ ਯੋਗ ਮੰਨੇ ਜਾਂਦੇ ਹਾਂ।

ਬਹੁਤ ਉੱਚੀਆਂ ਆਸਾਂ ਰੱਖਣ ਵਾਲੇ ਮਾਪੇ ਸਾਨੂੰ ਇਹ ਮਹਿਸੂਸ ਕਰਵਾ ਸਕਦੇ ਹਨ ਕਿ ਅਸੀਂ ਕਦੇ ਵੀ ਕਾਫ਼ੀ ਚੰਗੇ ਨਹੀਂ ਹੋ ਸਕਦੇ ਅਤੇ ਸਾਨੂੰ ਅਹਿਸਾਸ ਕਰਵਾ ਸਕਦੇ ਹਨ ਕਿ ਅਸੀਂ ਅਸਫਲ ਰਹੇ ਹਾਂ। ਸਾਨੂੰ ਕੇਵਲ ਤਦ ਹੀ ਮਾਨਤਾ ਮਿਲਦੀ ਹੈ, ਜਦੋਂ ਅਸੀਂ ਉਨ੍ਹਾਂ ਦੀਆਂ ਆਸਾਂ ਤੋਂ ਵੀ ਅੱਗੇ ਨਿਕਲ ਜਾਂਦੇ ਹਾਂ।

ਜੇ ਸਾਡੇ ਕੋਲ ਪਰਮੇਸ਼ੁਰ ਦੀ ਕਿਰਪਾ ਦੀ ਇਹ ਸਮਝ ਨਹੀਂ ਹੁੰਦੀ, ਤਾਂ ਅਸੀਂ ਪਰਮੇਸ਼ੁਰ ਨਾਲ ਆਪਣੇ ਕੰਮਾਂ ਦੇ ਆਧਾਰ 'ਤੇ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ — ਜਿਵੇਂ ਕਿ ਸੇਵਾ, ਕਲੀਸੀਆ ਜਾਂ ਹੋਰ ਕੰਮ ਜੋ ਅਸੀਂ ਪਰਮੇਸ਼ੁਰ ਲਈ ਕਰਦੇ ਹਾਂ। ਜਿੰਨਾ ਜ਼ਿਆਦਾ ਅਸੀਂ "ਕੰਮ" ਕਰਦੇ ਹਾਂ, ਓਨਾ ਹੀ ਸਾਨੂੰ ਲੱਗਦਾ ਹੈ ਕਿ ਪਰਮੇਸ਼ੁਰ ਨੇ ਸਾਨੂੰ ਕਬੂਲ ਕੀਤਾ ਹੈ। ਅਸੀਂ ਜੋ ਕੁਝ ਕਰਦੇ ਹਾਂ, ਉਸ ਲਈ ਪ੍ਰਸ਼ੰਸਾ ਅਤੇ ਮਾਨਤਾ ਲੱਭਦੇ ਰਹਿੰਦੇ ਹਾਂ ਅਤੇ ਆਪਣੀ ਪਹਿਚਾਣ ਉਸੇ 'ਤੇ ਟਿਕਾ ਲੈਂਦੇ ਹਾਂ, ਕਿਉਂਕਿ ਅਸੀਂ ਕਿਰਪਾ ਨੂੰ ਨਹੀਂ ਸਮਝਦੇ।

ਜਦੋਂ ਅਸੀਂ ਪਰਮੇਸ਼ੁਰ ਨੂੰ ਭਰਪੂਰ ਕਿਰਪਾ ਨਾਲ ਭਰੇ ਪਿਤਾ ਵਜੋਂ ਜਾਣਦੇ ਹਾਂ, ਤਦ ਅਸੀਂ ਵੀ ਦੂਜਿਆਂ ਨਾਲ ਕਿਰਪਾਲੂ ਹੋ ਜਾਂਦੇ ਹਾਂ, ਕਿਉਂਕਿ ਅਸੀਂ ਪਰਮੇਸ਼ੁਰ ਦੀ ਦਿੱਤੀ ਹੋਈ ਕਿਰਪਾ ਦੀ ਕਦਰ ਕਰਦੇ ਹਾਂ।

ਅਫ਼ਸੀਆਂ 2:7
ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ, ਉਹ ਆਉਣ ਵਾਲਿਆਂ ਜੁੱਗਾਂ ਵਿੱਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ।

ਰੋਮੀਆਂ 5:17
ਜਦੋਂ ਉਸ ਇੱਕ ਦੇ ਅਪਰਾਧ ਕਰਕੇ ਉਸ ਇੱਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਵਾਫ਼ਰ ਮਿਲੀ ਹੈ, ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ।

ਸਮਰੱਥਾ ਦੇਣ ਵਾਲਾ ਪਿਤਾ

ਪਰਮੇਸ਼ੁਰ ਸਾਡਾ ਸਵਰਗੀ ਪਿਤਾ ਜੋ ਸਾਨੂੰ ਸਮਰੱਥਾ ਦਿੰਦਾ ਹੈ। ਉਹ ਸਾਡੇ ਅੰਦਰ ਦੀਆਂ ਚੰਗੀਆਂ ਗੱਲਾਂ ਨੂੰ ਵੇਖਦਾ ਹੈ ਅਤੇ ਸਾਨੂੰ ਯੋਗ ਬਣਾਉਂਦਾ ਹੈ ਕਿ ਅਸੀਂ ਉਹ ਬਣੀਏ ਜੋ ਉਸ ਨੇ ਸਾਡੇ ਲਈ ਠਹਿਰਾਇਆ ਹੈ। ਉਹ ਆਪਣੇ ਰਾਜ ਦੇ ਸਰੋਤ ਅਤੇ ਜ਼ਿੰਮੇਵਾਰੀਆਂ ਸਾਨੂੰ ਸੌਂਪਦਾ ਹੈ। ਇਹ ਉਨ੍ਹਾਂ ਮਾਪਿਆਂ ਦੇ ਵਿਰੁੱਧ ਹੈ, ਜੋ ਸਾਡੇ 'ਤੇ ਭਰੋਸਾ ਨਹੀਂ ਕਰਦੇ ਅਤੇ ਸਾਨੂੰ ਅਯੋਗ, ਬੇਵਫ਼ਾ ਜਾਂ ਬੇਕਾਰ ਸਮਝਦੇ ਹਨ।

ਸਾਡਾ ਸਵਰਗੀ ਪਿਤਾ ਸਾਡੇ ਬਾਰੇ ਚੰਗੀਆਂ ਸੋਚਾਂ ਰੱਖਦਾ ਹੈ ਅਤੇ ਸਾਡੇ ਲਈ ਉਸ ਦੀਆਂ ਯੋਜਨਾਵਾਂ ਭਲਾਈ ਵਾਲੀਆਂ ਹਨ (ਯਿਰਮਿਯਾਹ 29:11)।

ਲੂਕਾ 12:32
ਹੇ ਛੋਟੇ ਝੁੰਡ, ਨਾ ਡਰ ਕਿਉਂਕਿ ਤੁਹਾਡੇ ਪਿਤਾ ਨੂੰ ਪਸੰਦ ਆਇਆ ਹੈ, ਜੋ ਰਾਜ ਤੁਹਾਨੂੰ ਦੇਵੇ।

ਕੁਲੁੱਸੀਆਂ 1:12
ਅਤੇ ਪਿਤਾ ਦਾ ਧੰਨਵਾਦ ਕਰਦੇ ਰਹੋ ਜਿਨ ਸਾਨੂੰ ਇਸ ਜੋਗ ਬਣਾਇਆ ਭਈ ਚਾਨਣ ਵਿੱਚ ਸੰਤਾਂ ਦੇ ਵਿਰਸੇ ਦੇ ਪੱਤੀਦਾਰ ਹੋਈਏ।

ਇੱਕ ਅਨੰਤ ਪਿਤਾ

ਪਰਮੇਸ਼ੁਰ ਸਾਡਾ ਸਵਰਗੀ ਪਿਤਾ, ਜੋ ਬੇਅੰਤ ਹੈ ਅਤੇ ਸਾਡੇ ਵਿੱਚ, ਸਾਡੇ ਰਾਹੀਂ ਅਤੇ ਸਾਡੇ ਲਈ ਬੇਅੰਤ ਕੰਮ ਕਰਦਾ ਹੈ। ਉਹ ਸਰੀਰਕ ਮਾਪਿਆਂ ਤੋਂ ਵੱਖਰਾ ਹੈ, ਕਿਉਂਕਿ ਉਹ ਉਹ ਜੋ ਕਰ ਸਕਦੇ ਹਨ, ਜੋ ਦੇ ਸਕਦੇ ਹਨ ਅਤੇ ਜੋ ਬਣ ਸਕਦੇ ਹਨ ਉਸ ਵਿੱਚ ਸੀਮਤ ਹੁੰਦੇ ਹਨ।

- ਉਹ ਕਦੇ ਬੁੱਢਾ ਨਹੀਂ ਹੁੰਦਾ। (ਜ਼ਬੂਰ 102:26)

- ਉਹ ਕਦੇ ਨਹੀਂ ਥੱਕਦਾ। (ਯਸਾਯਾਹ 40:28)
- ਉਸ ਦੀ ਬੁੱਧ ਕਦੇ ਖ਼ਤਮ ਨਹੀਂ ਹੁੰਦੀ (ਯਸਾਯਾਹ 40:28)।

ਅਫ਼ਸੀਆਂ 3:20
ਹੁਣ ਉਹ ਦੀ ਜਿਹੜਾ ਅਜਿਹਾ ਸਮਰੱਥ ਹੈ ਕਿ ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ।

ਉਹ "ਪਿਤਾ" ਵੀ ਹੈ ਅਤੇ "ਮਾਂ" ਵੀ। ਇਸ ਲਈ ਜੇ ਤੁਸੀਂ ਚਾਹੋ, ਤਾਂ ਕਹਿ ਸਕਦੇ ਹੋ ਕਿ ਪਿਤਾ ਪਰਮੇਸ਼ੁਰ ਦਾ "ਮਾਂ ਵਰਗਾ ਦਿਲ" ਹੈ — ਜੋ ਸੰਭਾਲਣ ਵਾਲਾ, ਪਾਲਣਹਾਰ ਅਤੇ ਹਿੱਤ ਕਰਨ ਵਾਲਾ ਹੈ।

ਯਸਾਯਾਹ 49:14-16
14 ਪਰ ਸੀਯੋਨ ਨੇ ਆਖਿਆ, ਯਹੋਵਾਹ ਨੇ ਮੈਨੂੰ ਛੱਡ ਦਿੱਤਾ ਅਤੇ ਪ੍ਰਭੂ ਨੇ ਮੈਨੂੰ ਭੁਲਾ ਦਿੱਤਾ।
15 ਭਲਾ, ਤੀਵੀਂ ਆਪਣੇ ਦੁੱਧ ਚੁੰਘਦੇ ਬੱਚੇ ਨੂੰ ਭੁਲਾ ਸੱਕਦੀ, ਭਈ ਉਹ ਆਪਣੇ ਢਿੱਡ ਦੇ ਬਾਲ ਉੱਤੇ ਰਹਮ ਨਾ ਕਰੇ? ਏਹ ਭਾਵੇਂ ਭੁੱਲ ਜਾਣ ਪਰ ਮੈਂ ਤੈਨੂੰ ਨਹੀਂ ਭੁੱਲਾਂਗਾ।
16 ਵੇਖ, ਮੈਂ ਤੈਨੂੰ ਆਪਣੀਆਂ ਹਥੇਲੀਆਂ ਉੱਤੇ ਉੱਕਰ ਲਿਆ, ਤੇਰੀਆਂ ਕੰਧਾਂ ਸਦਾ ਮੇਰੇ ਸਾਹਮਣੇ ਹਨ।

ਆਪਣੇ ਆਪ ਨੂੰ ਧੋਖਾ ਦੇਣ ਅਤੇ ਸ਼ੈਤਾਨ ਦੇ ਝੂਠਾਂ ਦਾ ਇਨਕਾਰ ਕਰਨਾ

ਪਰਮੇਸ਼ੁਰ ਬਾਰੇ ਜੋ ਗ਼ਲਤ ਤਸਵੀਰ ਅਸੀਂ ਆਪਣੇ ਮਨ ਵਿੱਚ ਬਣਾਈ ਹੈ, ਇਹ ਅਸਲ ਵਿੱਚ ਆਪਣੇ ਆਪ ਨੂੰ ਧੋਖਾ ਦੇਣਾ ਹੈ। ਅਸੀਂ ਪਰਮੇਸ਼ੁਰ ਦੇ ਅਸਲੀ ਸੁਭਾਅ ਬਾਰੇ ਆਪਣੇ ਆਪ ਨੂੰ ਗ਼ਲਤ ਸਮਝਾ ਲੈਂਦੇ ਹਾਂ। ਸ਼ੈਤਾਨ ਵੀ ਸਾਡੇ ਨਾਲ ਝੂਠ ਬੋਲਦਾ ਹੈ ਅਤੇ ਚਾਹੁੰਦਾ ਹੈ ਕਿ ਅਸੀਂ ਆਪਣੇ ਮਨ ਵਿੱਚ ਪਰਮੇਸ਼ੁਰ ਦੀ ਗ਼ਲਤ ਤਸਵੀਰ ਰੱਖੀਏ।

ਕੁਝ ਗ਼ਲਤ ਧਾਰਨਾਵਾਂ ਬਾਰੇ ਸੋਚੋ ਜੋ ਸ਼ਾਇਦ ਸਾਡੇ ਮਨ ਵਿੱਚ ਪਰਮੇਸ਼ੁਰ ਬਾਰੇ ਹੋ ਸਕਦੀਆਂ ਹਨ:

1) ਨਾ ਬਦਲਣ ਵਾਲੇ ਸਵਰਗੀ ਪਿਤਾ ਦੀ ਥਾਂ, ਅਜਿਹਾ ਪਰਮੇਸ਼ੁਰ ਜਿਸ ਦੇ ਸੁਭਾਅ ਬਾਰੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ।

2) ਕਦੇ ਨਾਕਾਮ ਨਾ ਹੋਣ ਵਾਲੇ ਸਵਰਗੀ ਪਿਤਾ ਦੀ ਥਾਂ, ਅਵਿਸ਼ਵਾਸਯੋਗ ਪਰਮੇਸ਼ੁਰ।

3) ਭਰਪੂਰ ਅਤੇ ਖੁੱਲ੍ਹੇ ਦਿਲ ਵਾਲੇ ਪਰਮੇਸ਼ੁਰ ਦੀ ਥਾਂ, ਕੰਜੂਸ ਜਾਂ ਤੰਗ ਦਿਲ ਪਰਮੇਸ਼ੁਰ ਜਿਸ ਨੂੰ ਕਿਸੇ ਤਰੀਕੇ ਨਾਲ ਮਨਾਉਣਾ ਪਵੇ ਕਿ ਉਹ ਸਾਨੂੰ ਕੁਝ ਦੇਵੇ।

4) ਇੱਕ ਪਰਮੇਸ਼ੁਰ ਜੋ ਸਾਡੇ ਉੱਤੇ ਅੱਗ ਅਤੇ ਸ਼ਜਾ ਨਾਲ ਫੈਸਲਾ ਕਰਨ ਦੀ ਉਡੀਕ ਕਰ ਰਿਹਾ ਹੈ ਨਾ ਇੱਕ ਦਿਆਲੂ ਪਿਤਾ।

5) ਛੁਡਾਉਣ ਵਾਲੇ ਪਰਮੇਸ਼ੁਰ ਦੀ ਥਾਂ, ਅਜਿਹਾ ਪਰਮੇਸ਼ੁਰ ਜੋ ਸਾਡੀ ਹਰ ਗ਼ਲਤੀ ਦਾ ਹਿਸਾਬ ਰੱਖਦਾ ਹੈ ਅਤੇ ਸਾਡੇ ਪੁਰਾਣੇ ਪਾਪ ਯਾਦ ਰੱਖਦਾ ਹੈ।

6) ਕਬੂਲ ਕਰਨ ਵਾਲੇ ਪਿਤਾ ਦੀ ਥਾਂ, ਦੋਸ਼ ਲਗਾਉਣ ਵਾਲਾ ਪਰਮੇਸ਼ੁਰ।

7) ਭਰਪੂਰ ਕਿਰਪਾ ਵਾਲੇ ਪਿਤਾ ਦੀ ਥਾਂ, ਅਜਿਹਾ ਪਰਮੇਸ਼ੁਰ ਜਿਸ ਨੂੰ ਖੁਸ਼ ਕਰਨਾ ਬਹੁਤ ਔਖਾ ਹੈ ਅਤੇ ਜੋ ਚਾਹੁੰਦਾ ਹੈ ਕਿ ਹਰ ਚੀਜ਼ ਕਮਾਈ ਜਾਵੇ।

8) ਸਮਰੱਥਾ ਦੇਣ ਵਾਲੇ ਪਿਤਾ ਦੀ ਥਾਂ, ਅਜਿਹਾ ਪਰਮੇਸ਼ੁਰ ਜੋ ਨਹੀਂ ਚਾਹੁੰਦਾ ਕਿ ਅਸੀਂ ਉਸ ਨਾਲ ਸਾਂਝ ਪਾਈਏ।

9) ਅਨੰਤ ਪਿਤਾ ਦੀ ਥਾਂ, ਅਜਿਹਾ ਪਰਮੇਸ਼ੁਰ ਜੋ ਉਨ੍ਹਾਂ ਗੱਲਾਂ ਵਿੱਚ ਸੀਮਤ ਹੈ, ਜੋ ਉਹ ਸਾਡੇ ਲਈ ਕਰ ਸਕਦਾ ਹੈ।

ਆਪਣੀ ਜ਼ਿੰਦਗੀ ਬਾਰੇ ਸਚਾਈ ਦਾ ਐਲਾਨ ਕਰਨ ਅਤੇ ਪ੍ਰਾਰਥਨਾ ਕਰਨ ਲਈ ਕੁਝ ਸਮਾਂ ਬਿਤਾਓ, ਤਾਂ ਜੋ ਤੁਸੀਂ ਆਪਣੇ ਦਿਲ ਅਤੇ ਮਨ ਵਿੱਚ ਸਾਡੇ ਸਵਰਗੀ ਪਿਤਾ ਦੀ ਸੱਚੀ ਅਤੇ ਪਵਿੱਤਰ ਬਾਈਬਲ ਅਧਾਰਤ ਤਸਵੀਰ ਕਾਇਮ ਕਰ ਸਕੋ।

ਪਿਆਰੇ ਸਵਰਗੀ ਪਿਤਾ,

ਮੈਂ ਤੁਹਾਡੇ ਵਚਨ ਲਈ ਧੰਨਵਾਦ ਕਰਦਾ ਹਾਂ ਜੋ ਮੈਨੂੰ ਤੁਹਾਡੇ ਅਸਲੀ ਸੁਭਾਅ ਬਾਰੇ ਦੱਸਦਾ ਹੈ। ਅੱਜ ਮੈਂ ਤੁਹਾਡੇ ਬਾਰੇ ਹਰ ਗ਼ਲਤ ਕਲਪਨਾ, ਗ਼ਲਤ ਵਿਚਾਰ ਅਤੇ ਗ਼ਲਤ ਧਾਰਨਾ ਦਾ ਇਨਕਾਰ ਕਰਦਾ ਹਾਂ ਜੋ ਮੈਂ ਆਪਣੇ ਮਨ ਵਿੱਚ ਰੱਖੀ ਹੋਈ ਸੀ ਅਤੇ ਮੈਂ ਤੁਹਾਡੇ ਵਚਨ ਵਿੱਚ ਦਿੱਤੇ ਸੱਚ ਨੂੰ ਕਬੂਲ ਕਰਦਾ ਹਾਂ।

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ਨਾ ***ਬਦਲਣ*** *ਵਾਲੇ ਸਵਰਗੀ ਪਿਤਾ ਹੋ। ਮੈਂ ਹਰ ਵੇਲੇ ਤੁਹਾਡੇ 'ਤੇ ਭਰੋਸਾ ਕਰ ਸਕਦਾ ਹਾਂ ਅਤੇ ਤੁਹਾਡੇ 'ਤੇ ਨਿਰਭਰ ਰਹਿ ਸਕਦਾ ਹਾਂ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ਕਦੇ ***ਨਾਕਾਮ*** *ਨਾ ਹੋਣ ਵਾਲੇ ਸੁਰਗੀ ਪਿਤਾ ਹੋ। ਤੁਸੀਂ ਮੈਨੂੰ ਕਦੇ ਨਹੀਂ ਛੱਡੋਗੇ, ਨਾ ਤਿਆਗੋਗੇ ਅਤੇ ਨਾ ਹੀ ਮੈਨੂੰ ਹੇਠਾਂ ਡਿੱਗਣ ਦੇਵੋਗੇ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ***ਭਰਪੂਰ ਅਤੇ ਖੁੱਲ੍ਹੇ ਦਿਲ*** *ਵਾਲੇ ਸੁਰਗੀ ਪਿਤਾ ਹੋ। ਤੁਸੀਂ ਹਮੇਸ਼ਾ ਖੁੱਲ੍ਹੇ ਦਿਲ ਨਾਲ ਮੇਰੀ ਲੋੜ ਪੂਰੀ ਕਰੋਗੇ ਅਤੇ ਕੋਈ ਵੀ ਚੰਗੀ ਚੀਜ਼ ਤੋਂ ਮੈਨੂੰ ਨਹੀਂ ਰੋਕੋਗੇ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ***ਦਿਆਲੂ*** *ਪਿਤਾ ਹੋ, ਜੋ ਹਮੇਸ਼ਾਂ ਮਾਫ਼ ਕਰਨ ਲਈ ਤਿਆਰ ਰਹਿੰਦੇ ਹੋ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ***ਛੁਡਾਉਣ ਵਾਲੇ*** *ਪਿਤਾ ਹੋ, ਜੋ ਹਮੇਸ਼ਾ ਮੈਨੂੰ ਮੁੜ ਬਹਾਲ ਕਰਨ, ਖੜ੍ਹਾ ਕਰਨ ਅਤੇ ਨਵਾਂ ਬਣਾਉਣ ਦੀ ਕੋਸ਼ਿਸ਼ ਕਰਦੇ ਹੋ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ***ਕਬੂਲ ਕਰਨ*** *ਵਾਲੇ ਪਿਤਾ ਹੋ, ਜੋ ਹਮੇਸ਼ਾ ਆਪਣੀ ਹਜ਼ੂਰੀ ਵਿੱਚ ਮੇਰਾ ਸਵਾਗਤ ਕਰਦੇ ਹੋ ਅਤੇ ਇਸ ਗੱਲ ਵਿੱਚ ਖੁਸ਼ ਹੁੰਦੇ ਹੋ ਕਿ ਮੈਂ ਤੁਹਾਡਾ ਹਾਂ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ***ਕਿਰਪਾ ਨਾਲ ਭਰਪੂਰ*** *ਪਿਤਾ ਹੋ, ਜੋ ਮੈਨੂੰ ਉਹ ਬਰਕਤਾਂ ਅਤੇ ਵਰਦਾਨ ਦਿੰਦੇ ਹੋ, ਜਿਨ੍ਹਾਂ ਦੇ ਮੈਂ ਯੋਗ ਨਹੀਂ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ***ਸਮਰੱਥਾ ਦੇਣ*** *ਵਾਲੇ ਪਿਤਾ ਹੋ, ਜੋ ਹਮੇਸ਼ਾ ਮੈਨੂੰ ਹੌਸਲਾ ਦਿੰਦੇ ਹੋ ਕਿ ਮੈਂ ਉਹ ਗੱਲਾਂ ਪ੍ਰਾਪਤ ਕਰਾਂ, ਜੋ ਤੁਸੀਂ ਮੇਰੇ ਲਈ ਰੱਖੀਆਂ ਹਨ।*

ਮੈਂ ਮੰਨਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ

__ਅਨੰਤ__ ਪਿਤਾ ਹੋ, ਜੋ ਮੇਰੀ ਹਰ ਲੋੜ ਨਾਲੋਂ ਵੱਡੇ, ਹਰ ਹਾਲਤ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਅਤੇ ਬੇਅੰਤ ਬੁੱਧ ਵਾਲੇ ਹੋ।

ਤੁਹਾਡੀ ਸੰਤਾਨ ਹੋਣ ਦੇ ਅਨੰਦ ਅਤੇ ਵਿਸ਼ੇਸ਼ ਅਧਿਕਾਰ ਲਈ ਤੁਹਾਡਾ ਧੰਨਵਾਦ।

ਯਿਸੂ ਦੇ ਨਾਮ ਵਿੱਚ!
ਆਮੀਨ!

ਪ੍ਰਤੀਬਿੰਬ

1) ਸਾਡੇ ਸਵਰਗੀ ਪਿਤਾ ਦੇ ਕਿਹੜੇ ਪੱਖ ਤੁਹਾਨੂੰ ਅੱਜ ਸਭ ਤੋਂ ਵੱਧ ਮਹੱਤਵਪੂਰਨ ਲੱਗਦੇ ਹਨ ਅਤੇ ਕਿਉਂ?

- ਨਾ ਬਦਲਣ ਵਾਲਾ ਸਵਰਗੀ ਪਿਤਾ
- ਕਦੇ ਨਾਕਾਮ ਨਾ ਹੋਣ ਵਾਲਾ ਸਵਰਗੀ ਪਿਤਾ
- ਭਰਪੂਰ ਅਤੇ ਖੁੱਲ੍ਹੇ ਦਿਲ ਵਾਲਾ ਸਵਰਗੀ ਪਿਤਾ
- ਦਿਆਲੂ ਪਿਤਾ
- ਛੁਡਾਉਣ ਵਾਲਾ ਪਿਤਾ
- ਕਬੂਲ ਕਰਨ ਵਾਲਾ ਪਿਤਾ
- ਕਿਰਪਾ ਨਾਲ ਭਰਪੂਰ ਪਿਤਾ
- ਸਮਰੱਥਾ ਦੇਣ ਵਾਲਾ ਪਿਤਾ
- ਅਨੰਤ ਪਿਤਾ

2) ਜਿਹੜੇ ਪੱਖ ਅਸੀਂ ਵੇਖੇ ਹਨ, ਉਨ੍ਹਾਂ ਦੇ ਚਾਨਣ ਵਿੱਚ ਤੁਹਾਡੀ ਆਪਣੇ ਸਵਰਗੀ ਪਿਤਾ ਨਾਲ ਸਮਝ ਅਤੇ ਰਿਸ਼ਤੇ ਵਿੱਚ ਕੀ ਬਦਲਾਅ ਆਇਆ ਹੈ?

4

ਪਿਤਾ ਦੇ ਪਿਆਰ ਨੂੰ ਕਬੂਲ ਕਰਨਾ

ਪਰਮੇਸ਼ੁਰ ਵਰਗਾ ਪਿਆਰ

ਬਾਈਬਲ ਪਰਮੇਸ਼ੁਰ ਵਰਗੇ ਪਿਆਰ ਲਈ ਯੂਨਾਨੀ ਸ਼ਬਦ "ਅਗਾਪੇ" ਵਰਤਦੀ ਹੈ। 1 ਕੁਰਿੰਥੀਆਂ 13 ਸਾਨੂੰ ਇਸ ਤਰ੍ਹਾਂ ਦੇ ਪਿਆਰ ਦੀ ਇੱਕ ਛੋਟੀ ਝਲਕ ਦਿੰਦਾ ਹੈ। ਇਹ ਉਹ ਪਿਆਰ ਹੈ ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ ਅਤੇ ਜਿਸ ਵਿੱਚ ਸਾਨੂੰ ਵੀ ਚੱਲਣਾ ਹੈ। ਆਓ ਇਸ ਅਧਿਆਇ ਨੂੰ ਇਸ ਨਜ਼ਰੀਏ ਨਾਲ ਪੜ੍ਹੋ ਕਿ ਇਹ ਉਸ ਪਿਆਰ ਦਾ ਵਰਣਨ ਹੈ, ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ।

1 ਕੁਰਿੰਥੀਆਂ 13:4-8

4 ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ

5 ਕੁਚੱਜਿਆ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ

6 ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸੱਚਿਆਈ ਨਾਲ ਅਨੰਦ ਹੁੰਦਾ ਹੈ

7 ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ

8 ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਉਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਉਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ।

- ਪਰਮੇਸ਼ੁਰ ਪਿਆਰ ਹੈ (1 ਯੂਹੰਨਾ 4:8)।
- ਪਰਮੇਸ਼ੁਰ ਸਾਡੇ ਪ੍ਰਤੀ ਧੀਰਜਵਾਨ ਅਤੇ ਦਿਆਲੂ ਹੈ।
- ਪਰਮੇਸ਼ੁਰ ਸਾਡੇ ਨਾਲ ਰੁੱਖੇ ਤਰੀਕੇ ਨਾਲ ਵਰਤਾਓ ਨਹੀਂ ਕਰਦਾ।
- ਪਰਮੇਸ਼ੁਰ "ਸਵਾਰਥੀ" ਨਹੀਂ ਹੈ, ਸਗੋਂ ਉਹ ਸਾਡੇ ਵਿੱਚ ਸੱਚੀ ਦਿਲਚਸਪੀ ਰੱਖਦਾ ਹੈ।
- ਪਰਮੇਸ਼ੁਰ ਜਲਦੀ ਗੁੱਸੇ ਵਿੱਚ ਨਹੀਂ ਆਉਂਦਾ।
- ਪਰਮੇਸ਼ੁਰ ਸਾਡੇ ਬਾਰੇ ਬੁਰਾ ਨਹੀਂ ਸੋਚਦਾ।

- ਪਰਮੇਸ਼ੁਰ ਪਾਪ ਵਿੱਚ ਖੁਸ਼ ਨਹੀਂ ਹੁੰਦਾ।
- ਜਦੋਂ ਅਸੀਂ ਸਚਿਆਈ ਦੇ ਰਾਹ ਉੱਤੇ ਚੱਲਦੇ ਹਾਂ, ਤਾਂ ਪਰਮੇਸ਼ੁਰ ਤੋਂ ਖੁਸ਼ ਹੁੰਦਾ ਹੈ।
- ਪਰਮੇਸ਼ੁਰ ਹਰ ਗੱਲ ਸਹਾਰ ਲੈਂਦਾ ਹੈ।
- ਪਰਮੇਸ਼ੁਰ ਨੂੰ ਯਕੀਨ ਹੈ ਅਤੇ ਉਹ ਆਸ ਰੱਖਦਾ ਹੈ। ਅਜਿਹਾ ਕਰਨ ਲਈ ਪ੍ਰੇਰਿਤ ਹੈ) ਕਿ ਸਾਡੇ ਲਈ ਸਭ ਤੋਂ ਵਧੀਆ ਹੀ ਹੋਵੇ।
- ਪਰਮੇਸ਼ੁਰ ਦਾ ਸਾਡੇ ਪ੍ਰਤੀ ਪਿਆਰ ਧੀਰਜਵਾਨ ਹੈ। ਉਸ ਦਾ ਪਿਆਰ ਸਦਾ ਕਾਇਮ ਰਹਿੰਦਾ ਹੈ। ਇਹ ਪਿਆਰ ਕਦੇ ਖ਼ਤਮ ਨਹੀਂ ਹੁੰਦਾ, ਨਾ ਕਦੇ ਮੁੱਕਦਾ ਹੈ ਅਤੇ ਨਾ ਹੀ ਇਸ ਦਾ ਅੰਤ ਹੁੰਦਾ ਹੈ। ਇਹ ਪਿਆਰ ਬਣਿਆ ਰਹਿੰਦਾ ਹੈ, ਸਥਿਰ ਰਹਿੰਦਾ ਹੈ... ਉਹ ਸਦੀਪਕ ਹੈ ... ਜਿਵੇਂ ਕਿ ਯਿਰਮਿਯਾਹ 31:3 ਵਿੱਚ ਲਿਖਿਆ ਹੈ: *“ਯਹੋਵਾਹ ਨੇ ਦੂਰੋਂ ਮੈਨੂੰ ਵਿਖਾਈ ਦਿੱਤੀ, - ਮੈਂ ਤੇਰੇ ਨਾਲ ਸਦਾ ਦੇ ਪ੍ਰੇਮ ਨਾਲ ਪ੍ਰੇਮ ਕੀਤਾ, ਏਸ ਲਈ ਮੈਂ ਦਯਾ ਨਾਲ ਤੈਨੂੰ ਖਿੱਚਿਆ ਹੈ।”*
- ਪਰਮੇਸ਼ੁਰ ਕਦੇ ਅਸਫਲ ਨਹੀਂ ਹੁੰਦਾ। ਸਾਡੇ ਲਈ ਉਸ ਦਾ ਪਿਆਰ ਕਦੇ ਘੱਟਦਾ ਨਹੀਂ ਅਤੇ ਨਾ ਹੀ ਕਮਜ਼ੋਰ ਪੈਂਦਾ ਹੈ।

ਪਰਮੇਸ਼ੁਰ ਸਾਨੂੰ ਇਸੇ ਤਰ੍ਹਾਂ ਪਿਆਰ ਕਰਦਾ ਹੈ। ਸਾਨੂੰ ਇਸ ਪਿਆਰ ਨੂੰ ਕਬੂਲ ਕਰਨ ਦੀ, ਇਸ ਨੂੰ ਮੰਨਣ ਦੀ ਅਤੇ ਇਸ ਨੂੰ ਆਪਣੇ ਅੰਦਰ ਡੂੰਘਾਈ ਨਾਲ ਵਸਾ ਲੈਣ ਦੀ ਲੋੜ ਹੈ ਕਿ ਪਰਮੇਸ਼ੁਰ ਨੇ ਸਾਨੂੰ ਇਸ ਤਰ੍ਹਾਂ ਪਿਆਰ ਕੀਤਾ ਹੈ।

ਅਸੀਂ ਕੁਝ ਗੱਲਾਂ ਨੂੰ ਦੁਬਾਰਾ ਵੇਖਾਂਗੇ ਅਤੇ ਉਸ ਪਿਆਰ ਬਾਰੇ ਕੁਝ ਹੋਰ ਸਮਝਾਂ ਸਾਂਝੀਆਂ ਕਰਾਂਗੇ ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ। ਫਿਰ ਅਸੀਂ ਇਸ ਗੱਲ ‘ਤੇ ਚਰਚਾ ਕਰਾਂਗੇ ਕਿ ਉਸ ਦੇ ਪਿਆਰ ਨੂੰ ਜਾਣਨਾ, ਉਸ ‘ਤੇ ਵਿਸ਼ਵਾਸ ਕਰਨਾ, ਉਸ ਨੂੰ ਕਬੂਲ ਕਰਨਾ ਅਤੇ ਉਸ ਵਿੱਚ ਅਰਾਮ ਕਰਨਾ ਕਿੰਨਾ ਮਹੱਤਵਪੂਰਨ ਹੈ।

ਬਿਨ੍ਹਾਂ ਸ਼ਰਤਾਂ ਵਾਲਾ ਪਿਆਰ

ਪਰਮੇਸ਼ੁਰ ਦਾ ਪਿਆਰ ਬਿਨ੍ਹਾਂ ਕਿਸੇ ਸ਼ਰਤ ਦੇ ਹੈ। ਉਸ ਦੇ ਪਿਆਰ ਨਾਲ ਕੋਈ

ਸ਼ਰਤ ਨਹੀਂ ਜੁੜੀ। ਉਹ ਸਿਰਫ਼ ਸਾਨੂੰ ਸੱਦਾ ਦਿੰਦਾ ਹੈ ਕਿ ਅਸੀਂ ਉਸ ਦੇ ਪਿਆਰ ਨੂੰ ਕਬੂਲ ਕਰੀਏ ਅਤੇ ਉਸ ਦਾ ਜਵਾਬ ਦੇਈਏ।

1 ਯੂਹੰਨਾ 4:9,10
9 ਪਰਮੇਸ਼ੁਰ ਦਾ ਪ੍ਰੇਮ ਸਾਡੇ ਵਿੱਚ ਇਸ ਤੋਂ ਪ੍ਰਗਟ ਹੋਇਆ ਜੋ ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤ੍ਰ ਨੂੰ ਸੰਸਾਰ ਵਿੱਚ ਘੱਲਿਆ ਭਈ ਅਸੀਂ ਉਹ ਦੇ ਰਾਹੀਂ ਜੀਵੀਏ।
10 ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪ੍ਰਾਸਚਿੱਤ ਹੋਵੇ।

ਇਹ ਨਹੀਂ ਸੀ ਕਿ ਅਸੀਂ ਪਰਮੇਸ਼ੁਰ ਨੂੰ ਲੱਭ ਰਹੇ ਸੀ, ਬਲਕਿ ਪਰਮੇਸ਼ੁਰ ਆਪਣੇ ਪਿਆਰ ਵਿੱਚ ਸਾਨੂੰ ਲੱਭਣ ਆਇਆ ਅਤੇ ਆਪਣੇ ਮਹਾਨ ਪਿਆਰ ਦੇ ਕਾਰਨ, ਉਸ ਨੇ ਉਹ ਸਭ ਕੁਝ ਦੂਰ ਕਰਨ ਲਈ ਵੱਡੀ ਕੀਮਤ ਚੁਕਾਈ ਜੋ ਸਾਨੂੰ ਉਸ ਨੂੰ ਜਾਣਨ, ਉਸ ਦੇ ਪਰਿਵਾਰ ਦਾ ਹਿੱਸਾ ਬਣਨ ਅਤੇ ਉਸ ਦੀ ਭਲਿਆਈ ਦਾ ਅਨੁਭਵ ਕਰਨ ਤੋਂ ਰੋਕਦੀ ਸੀ। ਉਸ ਨੇ ਪੂਰੀ ਕੀਮਤ ਚੁਕਾਈ।

ਸਾਨੂੰ ਸਾਡੀਆਂ ਉਪਲੱਬਧੀਆਂ, ਸਾਡੀ ਅਕਲ ਜਾਂ ਸਾਡੇ ਕੰਮਾਂ ਦੇ ਕਾਰਨ ਪਿਆਰ ਨਹੀਂ ਕੀਤਾ ਗਿਆ। ਹੁਣ, ਅਸੀਂ ਸਿਰਫ਼ ਉਸ ਦੇ ਪਿਆਰ ਨੂੰ ਕਬੂਲ ਕਰ ਸਕਦੇ ਹਾਂ ਅਤੇ ਉਸ ਦਾ ਜਵਾਬ ਦੇ ਸਕਦੇ ਹਾਂ।

1 ਯੂਹੰਨਾ 4:19
ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।

ਅਸਧਾਰਣ ਪਿਆਰ

ਯੂਹੰਨਾ 16:26,27
26 "ਉਸ ਦਿਨ ਤੁਸੀਂ ਮੇਰਾ ਨਾਮ ਲੈ ਕੇ ਮੰਗੋਗੇ ਅਤੇ ਮੈਂ ਤੁਹਾਨੂੰ ਨਹੀਂ ਆਖਦਾ ਭਈ ਮੈਂ ਪਿਤਾ ਅੱਗੇ ਤੁਹਾਡੇ ਲਈ ਬੇਨਤੀ ਕਰਾਂਗਾ।
27 ਕਿਉਂ ਜੋ ਪਿਤਾ ਆਪ ਹੀ ਤੁਹਾਡੇ ਨਾਲ ਹਿੱਤ ਕਰਦਾ ਹੈ ਇਸ ਲਈ ਜੋ ਤੁਸਾਂ ਮੇਰੇ ਨਾਲ ਹਿੱਤ ਕੀਤਾ ਅਤੇ ਸਤ ਮੰਨਿਆ ਹੈ ਜੋ ਮੈਂ ਪਿਤਾ ਦੀ ਵੱਲੋਂ ਆਇਆ।"

ਪ੍ਰਭੂ ਯਿਸੂ ਨੇ ਆਪਣੇ ਜੀ ਉੱਠਣ ਅਤੇ ਉਠਾਏ ਜਾਣ ਤੋਂ ਬਾਅਦ ਦੇ ਸਮੇਂ ਬਾਰੇ ਕਿਹਾ ਕਿ *"ਉਸ ਦਿਨ"* ਅਸੀਂ ਉਸ ਦੇ ਨਾਮ ਵਿੱਚ ਸਿੱਧੇ ਪਿਤਾ ਕੋਲ ਪ੍ਰਾਰਥਨਾ ਕਰਾਂਗੇ। ਉਸ ਨੇ ਕਿਹਾ ਕਿ ਅਸੀਂ ਅਜਿਹਾ ਕਰ ਸਕਦੇ ਹਾਂ ਅਤੇ

ਉਸ ਨੂੰ ਸਾਡੀ ਵੱਲੋਂ ਬੇਨਤੀ ਕਰਨ ਦੀ ਲੋੜ ਨਹੀਂ ਹੋਵੇਗੀ। ਅਸੀਂ ਯਿਸੂ ਦੇ ਨਾਮ ਵਿੱਚ ਸਿੱਧੇ ਪਿਤਾ ਕੋਲੋਂ ਮੰਗ ਸਕਦੇ ਹਾਂ, ਕਿਉਂਕਿ ਪਿਤਾ ਆਪ ਸਾਡੇ ਨਾਲ ਪਿਆਰ ਕਰਦਾ ਹੈ। ਕਿਉਂਕਿ ਅਸੀਂ ਯਿਸੂ ਨਾਲ ਪਿਆਰ ਕੀਤਾ ਹੈ ਅਤੇ ਉਸ 'ਤੇ ਵਿਸ਼ਵਾਸ ਕੀਤਾ ਹੈ। ਇਹ ਧਿਆਨ ਕਰਨ ਵਾਲੀ ਗੱਲ ਹੈ ਕਿ ਜਦੋਂ ਪ੍ਰਭੂ ਯਿਸੂ ਨੇ ਕਿਹਾ ਕਿ ਪਿਤਾ ਸਾਡੇ ਨਾਲ "ਪਿਆਰ ਕਰਦਾ ਹੈ," ਤਾਂ ਉਸ ਨੇ *'ਫਿਲਿਓ'* ਇੱਕ ਹੋਰ ਯੂਨਾਨੀ ਸ਼ਬਦ ਵਰਤਿਆ ਜੋ ਦੋਸਤੀ ਅਤੇ ਸਨੇਹ ਨੂੰ ਦਰਸਾਉਂਦਾ ਹੈ। ਅਸਲ ਵਿੱਚ ਪ੍ਰਭੂ ਯਿਸੂ ਕਹਿ ਰਿਹਾ ਸੀ ਕਿ "ਪਿਤਾ ਆਪ ਤੁਹਾਡਾ ਮਿੱਤਰ ਹੈ ਅਤੇ ਉਹ ਤੁਹਾਡੇ ਨਾਲ ਡੂੰਘਾ ਸਨੇਹ ਰੱਖਦਾ ਹੈ।"

- ਇਹ ਕਹੋ: *"ਪਿਤਾ ਆਪ ਹੀ ਮੇਰੇ ਨਾਲ ਪਿਆਰ ਕਰਦਾ ਹੈ। ਮੇਰਾ ਸਵਰਗੀ ਪਿਤਾ ਮੇਰਾ ਮਿੱਤਰ ਹੈ ਅਤੇ ਉਹ ਸੱਚਮੁੱਚ ਮੇਰੇ ਨਾਲ ਸਨੇਹ ਰੱਖਦਾ ਹੈ। ਮੈਂ ਯਿਸੂ ਦੇ ਨਾਮ ਵਿੱਚ ਹਿੰਮਤ ਨਾਲ ਆਪਣੀਆਂ ਬੇਨਤੀਆਂ ਉਸ ਦੇ ਸਾਹਮਣੇ ਰੱਖਦਾ ਹਾਂ।"*

ਪਿਤਾ ਤੁਹਾਨੂੰ ਉਸੇ ਤਰ੍ਹਾਂ ਪਿਆਰ ਕਰਦਾ ਹੈ, ਜਿਵੇਂ ਉਹ ਯਿਸੂ ਨੂੰ ਕਰਦਾ ਹੈ

ਯੂਹੰਨਾ 17:23,26

23 ਮੈਂ ਓਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ ਤਾਂ ਕਿ ਉਹ ਸਿੱਧ ਹੋ ਕੇ ਇੱਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਅਤੇ ਓਹਨਾਂ ਨਾਲ ਪਿਆਰ ਕੀਤਾ ਜਿਵੇਂ ਤੈਂ ਮੇਰੇ ਨਾਲ ਪਿਆਰ ਕੀਤਾ।
26 ਅਰ ਮੈਂ ਤੇਰਾ ਨਾਮ ਏਹਨਾਂ ਉੱਤੇ ਪਰਗਟ ਕੀਤਾ ਅਤੇ ਪ੍ਰਗਟ ਕਰਾਂਗਾ ਤਾਂ ਜਿਸ ਪ੍ਰੇਮ ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਓਹਨਾਂ ਵਿੱਚ ਹੋਵੇ ਅਤੇ ਮੈਂ ਓਹਨਾਂ ਵਿੱਚ ਹੋਵਾਂ।

ਉੱਤੇ ਦਿੱਤੇ 23ਵੇਂ ਅਧਿਆਇ ਵਿੱਚ, ਯਿਸੂ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪਿਤਾ ਸਾਡੇ ਨਾਲ ਠੀਕ ਉਸੇ ਤਰ੍ਹਾਂ (ਤਰੀਕੇ ਅਤੇ ਮਾਪ ਵਿੱਚ) ਪਿਆਰ ਕਰਦਾ ਹੈ, ਜਿਵੇਂ ਉਹ ਯਿਸੂ ਨਾਲ ਕਰਦਾ ਹੈ।

- ਇਹ ਕਹੋ: *"ਪਿਤਾ ਮੇਰੇ ਨਾਲ ਠੀਕ ਉਸੇ ਤਰ੍ਹਾਂ ਪਿਆਰ ਕਰਦਾ ਹੈ ਜਿਵੇਂ ਉਹ ਯਿਸੂ ਨਾਲ ਕਰਦਾ ਹੈ। ਪਿਤਾ ਨੇ ਮੈਨੂੰ ਉਸੇ ਤਰ੍ਹਾਂ ਪਿਆਰ ਕੀਤਾ ਹੈ, ਜਿਵੇਂ ਉਸ ਨੇ ਯਿਸੂ ਨਾਲ ਕੀਤਾ ਹੈ।"*

ਉੱਤੇ ਦਿੱਤੇ 26ਵੇਂ ਅਧਿਆਇ ਵਿੱਚ, ਪ੍ਰਭੂ ਯਿਸੂ ਨੇ ਪ੍ਰਾਰਥਨਾ ਕੀਤੀ ਕਿ ਪਿਤਾ ਦਾ ਪਿਆਰ ਸਾਡੇ ਅੰਦਰ ਹੋਵੇ — ਕਿ ਅਸੀਂ ਆਪਣੇ ਦਿਲਾਂ ਵਿੱਚ ਪਿਤਾ ਦੇ ਪਿਆਰ ਨੂੰ ਮਹਿਸੂਸ ਕਰੀਏ, ਉਸ ਨੂੰ ਜਾਣੀਏ, ਅਨੁਭਵ ਕਰੀਏ ਅਤੇ ਉਸ ਨਾਲ ਭਰ ਜਾਈਏ — ਉਹੀ ਪਿਆਰ ਜਿਸ ਨਾਲ ਪਿਤਾ ਆਪਣੇ ਪੁੱਤਰ ਯਿਸੂ

ਮਸੀਹ ਨਾਲ ਪਿਆਰ ਕਰਦਾ ਹੈ।

- ਇਹ ਕਹੋ: *"ਮੈਂ ਆਪਣੇ ਲਈ ਪਿਤਾ ਦੇ ਪਿਆਰ ਨੂੰ ਮਹਿਸੂਸ ਕਰਦਾ ਹਾਂ, ਜਾਣਦਾ ਹਾਂ, ਅਨੁਭਵ ਕਰਦਾ ਹਾਂ ਅਤੇ ਉਸ ਨਾਲ ਭਰਿਆ ਹੋਇਆ ਹਾਂ। ਇਹ ਉਹੀ ਪਿਆਰ ਹੈ ਜਿਸ ਨਾਲ ਪਿਤਾ ਨੇ ਯਿਸੂ ਨਾਲ ਪਿਆਰ ਕੀਤਾ।"*

ਅਸੀਂ ਆਮ ਤੌਰ 'ਤੇ ਸੋਚਦੇ ਹਾਂ ਕਿ ਜੋ ਸੰਪੂਰਨ ਹੈ ਉਸ ਨਾਲ, ਅਸੰਪੂਰਨ ਲੋਕਾਂ ਨਾਲੋਂ ਕਈ ਗੁਣਾ ਵੱਧ ਪਿਆਰ ਕੀਤਾ ਜਾਵੇਗਾ। ਪਰ ਇਹ ਸੋਚਣਾ ਕਿ ਅਸੀਂ, ਜੋ ਅਸੰਪੂਰਨ ਹਾਂ ਅਤੇ ਫਿਰ ਵੀ ਪਿਤਾ ਸਾਡੇ ਨਾਲ ਠੀਕ ਉਸੇ ਤਰ੍ਹਾਂ ਪਿਆਰ ਕਰਦਾ ਹੈ, ਜਿਵੇਂ ਉਹ ਆਪਣੇ ਸੰਪੂਰਨ ਪੁੱਤਰ ਨਾਲ ਕਰਦਾ ਹੈ। ਇਹ ਬਹੁਤ ਅਦਭੁੱਤ ਗੱਲ ਹੈ।

ਇਸ ਤਰ੍ਹਾਂ ਦਾ ਪਿਆਰ ਦੁਰਲੱਭ ਅਤੇ ਬਿਨਾਂ ਕਿਸੇ ਪੱਖਪਾਤ ਦੇ ਹੁੰਦਾ ਹੈ

"ਪਰਮੇਸ਼ੁਰ ਦੇ ਹਜ਼ੂਰ ਤਾਂ ਕਿਸੇ ਦਾ ਪੱਖ ਪਾਤ ਨਹੀਂ ਹੁੰਦਾ" (ਰੋਮੀਆਂ 2:11)। ਪਰਮੇਸ਼ੁਰ ਨਿਰਪੱਖ ਹੈ (ਰਸੂਲਾਂ ਦੇ ਕਰਤੱਬ 10:34)। ਅਸੀਂ ਇਹ ਜਾਣਦੇ ਹਾਂ। ਪਰ ਕਈ ਵਾਰ ਅਸੀਂ ਇਸ ਤਰ੍ਹਾਂ ਸੋਚਦੇ ਹਾਂ ਕਿ ਪਰਮੇਸ਼ੁਰ ਹੋਰ ਵਿਸ਼ਵਾਸੀਆਂ ਨਾਲ ਸਾਡੇ ਨਾਲੋਂ ਵੱਧ ਪਿਆਰ ਜਾਂ ਕਿਰਪਾ ਕਰਦਾ ਹੈ। ਇਸ ਬਾਰੇ ਸੋਚੋ। ਜੇ ਪਰਮੇਸ਼ੁਰ ਆਪਣੇ ਹੀ ਪੁੱਤਰ ਦੇ ਮਾਮਲੇ ਵਿੱਚ ਪੱਖਪਾਤ ਨਹੀਂ ਕਰਦਾ ਅਤੇ ਉਹ ਉਸ ਨਾਲ ਸਾਡੇ ਨਾਲੋਂ ਵੱਧ ਪਿਆਰ ਨਹੀਂ ਕਰਦਾ, ਤਾਂ ਕੀ ਉਹ ਹੋਰ ਕਿਸੇ ਨਾਲ ਪੱਖਪਾਤ ਕਰੇਗਾ ਅਤੇ ਉਨ੍ਹਾਂ ਨਾਲ ਸਾਡੇ ਨਾਲੋਂ ਵੱਧ ਪਿਆਰ ਕਰੇਗਾ? ਸਾਡੇ ਲਈ ਪਰਮੇਸ਼ੁਰ ਦਾ ਪਿਆਰ ਨਿਰਪੱਖ ਹੈ।

ਅਸੀਂ ਉਸ ਦੇ ਪਿਆਰਿਆਂ ਵਿੱਚੋਂ ਉਸ ਦੇ ਪਿਆਰੇ ਹਾਂ

ਮਰਕੁਸ 1:11
ਅਤੇ ਇੱਕ ਸਵਰਗੀ ਬਾਣੀ ਆਈ ਜੋ ਤੂੰ ਮੇਰਾ ਪਿਆਰਾ ਪੁੱਤ੍ਰ ਹੈਂ, ਤੈਥੋਂ ਮੈਂ ਪ੍ਰਸੰਨ ਹਾਂ।

ਪਿਤਾ ਨੇ ਯਿਸੂ ਨੂੰ ਆਪਣੇ "ਪਿਆਰਾ ਪੁੱਤਰ" ਵਜੋਂ ਸੰਬੋਧਨ ਕੀਤਾ। ਰਸੂਲ ਪੌਲੁਸ ਸਾਨੂੰ ਦੱਸਦਾ ਹੈ ਕਿ ਅਸੀਂ ਵੀ "ਪਰਮੇਸ਼ੁਰ ਦੇ ਪਿਆਰੇ" ਹਾਂ ਅਤੇ "ਅਸੀਂ ਉਸ ਦੇ ਪਿਆਰ ਵਿੱਚ ਕਬੂਲ ਕੀਤੇ ਗਏ ਹਾਂ।"

ਰੋਮੀਆਂ 1:7
ਅੱਗੇ ਜੋਗ ਓਹਨਾਂ ਸਭਨਾਂ ਨੂੰ ਜਿਹੜੇ ਰੋਮ ਵਿੱਚ ਪਰਮੇਸ਼ੁਰ ਦੇ ਪਿਆਰੇ ਅਤੇ ਸੰਤ ਬਣਨ ਲਈ ਸੱਦੇ ਹੋਏ ਹਨ ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋਂ ਤੁਹਾਨੂੰ ਕਿਰਪਾ ਅਤੇ

ਸ਼ਾਂਤੀ ਹੁੰਦੀ ਰਹੇ।

ਅਫ਼ਸੀਆਂ 1:6
ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।

- ਇਹ ਕਹੋ: *"ਮੈਂ ਪਿਆਰਿਆਂ ਵਿੱਚੋਂ, ਪਰਮੇਸ਼ੁਰ ਦਾ ਪਿਆਰਾ ਹਾਂ। ਪਰਮੇਸ਼ੁਰ ਮੈਨੂੰ ਆਪਣੇ ਪਿਆਰਿਆਂ ਵਾਂਗ ਪਿਆਰ ਕਰਦਾ ਹੈ।"*

ਪ੍ਰਭੂ ਯਿਸੂ ਨੇ ਪ੍ਰਾਰਥਨਾ ਕੀਤੀ ਕਿ ਪਿਤਾ ਦਾ ਪਿਆਰ ਸਾਡੇ ਦਿਲਾਂ ਵਿੱਚ ਹੋਵੇ, ਤਾਂ ਜੋ ਅਸੀਂ ਉਸ ਨੂੰ ਨਿੱਜੀ ਤੌਰ 'ਤੇ ਮਹਿਸੂਸ ਕਰੀਏ, ਜਾਣੀਏ ਅਤੇ ਅਨੁਭਵ ਕਰੀਏ (ਯੂਹੰਨਾ 17:26)। ਪਰਮੇਸ਼ੁਰ ਨੇ ਇਸ ਪ੍ਰਾਰਥਨਾ ਦਾ ਉੱਤਰ ਸਾਡੇ ਦਿਲਾਂ ਵਿੱਚ ਪਵਿੱਤਰ ਆਤਮਾ ਨੂੰ ਭੇਜ ਕੇ ਦਿੱਤਾ।

ਰੋਮੀਆਂ 5:5
ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਗਿਆ ਹੋਇਆ ਹੈ।

ਪਰਮੇਸ਼ੁਰ ਦਾ ਪਿਆਰ ਪਵਿੱਤਰ ਆਤਮਾ ਦੇ ਰਾਹੀਂ ਸਾਡੇ ਦਿਲਾਂ ਵਿੱਚ ਉਂਡੇਲਿਆ ਗਿਆ ਹੈ। ਪਵਿੱਤਰ ਆਤਮਾ ਹੀ ਹੈ ਜੋ ਸਾਨੂੰ ਪਿਤਾ ਦੇ ਪਿਆਰ ਦਾ ਨਿੱਜੀ ਅਨੁਭਵ ਦਿੰਦਾ ਹੈ। ਪਵਿੱਤਰ ਆਤਮਾ ਹੀ ਸਾਨੂੰ ਪਿਤਾ ਦੇ ਪਿਆਰ ਵਿੱਚ ਚੱਲਣ ਲਈ ਸਮਰੱਥ ਕਰਦਾ ਹੈ।

ਪਿਆਰ ਜੋ ਸਾਨੂੰ ਸ਼ਰਮਿੰਦਾ ਨਹੀਂ ਹੋਣ ਦਿੰਦਾ

ਬਾਈਬਲ ਸਿਖਾਉਂਦੀ ਹੈ ਕਿ "ਪ੍ਰੇਮ ਸਭਨਾਂ ਅਪਰਾਧਾਂ ਨੂੰ ਢੱਕ ਲੈਂਦਾ ਹੈ।" (ਕਹਾਉਤਾਂ 10:12; 1 ਪਤਰਸ 4:8)।

ਪਿਆਰ ਢੱਕਦਾ ਹੈ। ਉਹ ਕੱਪੜਾ ਪਹਿਨਾਉਂਦਾ ਹੈ। ਉਹ ਰੱਖਿਆ ਕਰਦਾ ਹੈ। ਪਿਆਰ ਨੰਗੇਪਣ ਅਤੇ ਸ਼ਰਮਿੰਦਗੀ ਨੂੰ ਦੂਰ ਕਰਦਾ ਹੈ ਅਤੇ ਇੱਜ਼ਤ, ਸੁਰੱਖਿਆ ਅਤੇ ਆਦਰ ਦਿੰਦਾ ਹੈ।

ਪਰਮੇਸ਼ੁਰ ਦਾ ਪਿਆਰ ਸਾਡੇ ਲਈ ਇਹੀ ਕਰਦਾ ਹੈ।

ਅਫ਼ਸੀਆਂ 1:4
ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁੱਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।

ਕੁਲੁੱਸੀਆਂ 1:21,22
21 ਅਤੇ ਤੁਹਾਨੂੰ ਜਿਹੜੇ ਅੱਗੇ ਅੱਡ ਹੋਏ ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਨ ਮਨੋਂ ਵੈਰੀ ਸਾਓ
22 ਉਸ ਨੇ ਹੁਣ ਉਹ ਦੀ ਮਾਸ ਦੀ ਕਾਇਆਂ ਨਾਲ ਮੌਤ ਦੇ ਵਸੀਲੇ ਮਿਲਾ ਲਿਆ ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਆਪਣੇ ਸਨਮੁੱਖ ਖੜ੍ਹਾ ਕਰੇ।

ਅਸੀਂ ਪਰਮੇਸ਼ੁਰ ਦੀ ਨਿਗਾਹ ਵਿੱਚ ਪਵਿੱਤਰ, ਨਿਸ਼ਕਲੰਕ ਅਤੇ (ਨਿਰਦੋਸ਼) ਹਾਂ ਅਤੇ ਇਹ ਸਾਡੇ ਲਈ ਉਸ ਦੇ ਪਿਆਰ ਕਰਕੇ ਹੈ!

ਪਿਆਰ ਜੋ ਅਟੁੱਟ ਹੈ

ਕੋਈ ਵੀ ਚੀਜ਼ ਸਾਨੂੰ ਪਿਤਾ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦੀ, ਨਾ ਰੋਕ ਸਕਦੀ ਹੈ ਅਤੇ ਨਾ ਹੀ ਰੁਕਾਵਟ ਪਾ ਸਕਦੀ ਹੈ। ਉਸ ਦਾ ਪਿਆਰ ਕਦੇ ਸਾਡੇ ਤੋਂ ਨਿਰਾਸ਼ ਨਹੀਂ ਹੁੰਦਾ। ਇਸ ਨੂੰ ਸਮਝਾਉਣ ਲਈ ਸ਼ਾਇਦ ਇਸ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ, ਜਿਵੇਂ ਅਸੀਂ ਰੋਮੀਆਂ 8 ਵਿੱਚ ਪੜ੍ਹਦੇ ਹਾਂ:

ਰੋਮੀਆਂ 8:35-39
35 ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੈਜਲ ਯਾ ਤਲਵਾਰ?
36 ਜਿਵੇਂ ਲਿਖਿਆ ਹੋਇਆ ਹੈ –
ਅਸੀਂ ਤੇਰੇ ਲਈ ਦਿਨ ਭਰ ਜਾਨੋਂ ਮਾਰੇ ਜਾਂਦੇ ਹਾਂ,
ਅਸੀਂ ਕੋਹੀਆਂ ਜਾਣ ਵਾਲੀਆਂ ਭੇਡਾਂ ਦੇ ਤੁੱਲ ਗਿਣੇ ਜਾਂਦੇ ਹਾਂ।
37 ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹਿ ਪਾਉਂਦੇ ਹਾਂ।
38 ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ,
39 ਨਾ ਉੱਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਉਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਹੈ ਸਾਨੂੰ ਅੱਡ ਕਰ ਸਕੇਗੀ।

ਜ਼ਿੰਦਗੀ ਸਾਡੇ ਰਸਤੇ ਵਿੱਚ ਜੋ ਵੀ ਲਿਆਵੇ, ਸਾਨੂੰ ਪਿਤਾ ਦੇ ਪਿਆਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਕੋਈ ਤਾਕਤ, ਨਰਕ ਦੀ ਕੋਈ ਸ਼ਕਤੀ, ਕੋਈ ਆਫ਼ਤ, ਕੋਈ ਮੁਸੀਬਤ ਜਾਂ ਕੋਈ ਚੁਣੌਤੀ ਸਾਨੂੰ ਮਸੀਹ ਯਿਸੂ ਵਿੱਚ ਪਿਤਾ

ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦੀ। ਸਾਡੇ ਲਈ ਉਸ ਦਾ ਪਿਆਰ ਅਟੁੱਟ ਹੈ। ਹਰ ਹਾਲਤ ਵਿੱਚ ਅਸੀਂ ਭਰੋਸੇ ਨਾਲ ਖੜ੍ਹੇ ਰਹਿ ਸਕਦੇ ਹਾਂ ਕਿ ਪਿਤਾ ਸਾਡੇ ਨਾਲ ਪਿਆਰ ਕਰਦਾ ਹੈ।

ਪਿਆਰ ਜੋ ਸਾਨੂੰ ਜਿੱਤਣ ਵਾਲਿਆਂ ਨਾਲੋਂ ਵੀ ਵੱਧ ਬਣਾਉਂਦਾ ਹੈ

ਪੌਲੁਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪਿਤਾ ਦੇ ਅਟੁੱਟ ਪਿਆਰ ਕਰਕੇ- ਸਭ ਤੋਂ ਬੁਰੀਆਂ ਹਾਲਤਾਂ ਵਿੱਚ ਵੀ-ਅਸੀਂ ਉਸ ਦੇ ਰਾਹੀਂ ਜਿਸ ਨੇ ਸਾਡੇ ਨਾਲ ਪਿਆਰ ਕੀਤਾ, ਹੱਦੋਂ ਵੱਧ ਫਤਹਿ ਪਾਉਂਦੇ ਹਾਂ।

ਰੋਮੀਆਂ 8:37
ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹਿ ਪਾਉਂਦੇ ਹਾਂ।

ਹੱਦੋਂ ਵੱਧ ਫਤਹਿ ਪਾਉਣ ਦਾ ਅਰਥ ਹੈ ਭਾਰੀ ਜਿੱਤ ਪ੍ਰਾਪਤ ਕਰਨਾ, ਪੂਰੀ ਜਿੱਤ ਹਾਸਲ ਕਰਨਾ ਅਤੇ ਹਰ ਵਿਰੋਧ 'ਤੇ ਜਿੱਤਣਾ।

ਸਾਡੇ ਉੱਤੇ ਭਾਵੇਂ ਸਭ ਤੋਂ ਮੁਸ਼ਕਲ ਹਾਲਾਤ ਹੀ ਕਿਉਂ ਨਾ ਆ ਜਾਣ, ਪਰਮੇਸ਼ੁਰ ਦੇ ਸਾਡੇ ਲਈ ਪਿਆਰ ਕਰਕੇ ਅਸੀਂ ਫਿਰ ਵੀ ਹੱਦੋਂ ਵੱਧ ਫਤਹਿ ਪਾਉਂਦੇ ਹਾਂ। ਅਸੀਂ ਪੂਰੀ ਤਰ੍ਹਾਂ ਫਤਹਿ ਪਾਉਂਦੇ ਹਾਂ। ਉਸ ਦਾ ਪਿਆਰ ਸਾਨੂੰ ਹਰ ਹਾਲਤ ਵਿੱਚ ਫਤਹਿਮੰਦ ਬਣਾ ਕੇ ਬਾਹਰ ਕੱਢਦਾ ਹੈ। ਕਿਉਂਕਿ ਜੋ ਵੀ ਚੀਜ਼ਾਂ ਸਾਡੇ ਵਿਰੁੱਧ ਆਉਂਦੀਆਂ ਹਨ, ਉਹ ਸਾਨੂੰ ਮਸੀਹ ਵਿੱਚ ਮਿਲਦੇ ਪਿਤਾ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦੀਆਂ।

ਇਸ ਲਈ, ਸਭ ਤੋਂ ਔਖੀਆਂ ਹਾਲਤਾਂ ਵਿੱਚ ਵੀ ਅਸੀਂ ਸਿਰ ਉੱਚਾ ਕਰਕੇ ਫਤਹਿਮੰਦ ਲੋਕਾਂ ਵਾਂਗ ਚੱਲ ਸਕਦੇ ਹਾਂ। ਸਾਡੇ ਲਈ ਪਿਤਾ ਦੇ ਪਿਆਰ ਕਰਕੇ ਅਸੀਂ ਹਰ ਵੇਲੇ ਫਤਹਿ ਪਾਉਂਦੇ ਹਾਂ।

ਪਿਆਰ ਜੋ ਸਾਨੂੰ ਅਜ਼ਾਦ ਕਰਦਾ ਹੈ

ਡਰ ਵਿੱਚ ਵੀ ਤਸੀਹੇ ਹੁੰਦੇ ਹਨ। ਇੱਕ ਹੋਰ ਜਗ੍ਹਾ ਜਿੱਥੇ ਤਸੀਹੇ ਹੁੰਦੇ ਹਨ ਉਹ ਹੈ ਨਰਕ। ਡਰ ਵਿੱਚ ਰਹਿਣਾ ਨਰਕ ਵਿੱਚ ਰਹਿਣ ਵਾਂਗ ਹੈ, ਤਸੀਹੇ ਵਾਲੀ ਜਗ੍ਹਾ ਵਿੱਚ।

ਸੰਪੂਰਨ ਪਿਆਰ ਹਰ ਕਿਸਮ ਦੇ ਡਰ ਨੂੰ ਦੂਰ ਕਰ ਦਿੰਦਾ ਹੈ। ਉਹ ਸਾਨੂੰ ਡਰ ਤੋਂ ਅਜ਼ਾਦ ਕਰਦਾ ਹੈ। ਸੰਪੂਰਨ ਪਿਆਰ ਸਿਰਫ਼ ਇੱਕ ਹੀ ਸਰੋਤ ਤੋਂ ਆਉਂਦਾ ਹੈ — ਪਰਮੇਸ਼ੁਰ ਤੋਂ।

ਇਸ ਪਿਆਰ ਦਾ ਅਨੁਭਵ ਕਰਨਾ ਸਾਨੂੰ ਅਜ਼ਾਦ ਕਰ ਦਿੰਦਾ ਹੈ।

1 ਯੂਹੰਨਾ 4:17,18
17 ਪ੍ਰੇਮ ਸਾਡੇ ਵਿੱਚ ਇਸ ਤੋਂ ਸੰਪੂਰਨ ਹੋਇਆ ਹੈ ਭਈ ਨਿਆਉਂ ਦੇ ਦਿਨ ਸਾਨੂੰ ਦਲੇਰੀ ਹੋਵੇ ਕਿਉਂਕਿ ਜਿਵੇਂ ਉਹ ਹੈ ਤਿਵੇਂ ਅਸੀਂ ਵੀ ਇਸ ਸੰਸਾਰ ਵਿੱਚ ਹਾਂ
18 ਪ੍ਰੇਮ ਵਿੱਚ ਧੜਕਾ ਨਹੀਂ ਸਗੋਂ ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ ਕਿਉਂ ਜੋ ਧੜਕੇ ਵਿੱਚ ਸਜ਼ਾ ਹੈ ਅਤੇ ਉਹ ਜੋ ਧੜਕਦਾ ਹੈ ਸੋ ਪ੍ਰੇਮ ਵਿੱਚ ਸੰਪੂਰਨ ਨਹੀਂ ਹੋਇਆ ਹੈ।

1 ਯੂਹੰਨਾ 4:17,18 (ਜਿਵੇਂ ਕਿ ਐੱਪਲੀਫਾਈਡ ਬਾਈਬਲ ਵਿੱਚ ਦਿੱਤਾ ਗਿਆ ਹੈ)
17 ਇਸ ਵਿੱਚ (ਉਸ ਨਾਲ ਏਕਤਾ ਅਤੇ ਸੰਗਤੀ), ਪ੍ਰੇਮ ਸਾਡੇ ਵਿੱਚ ਪੂਰਾ ਅਤੇ ਸੰਪੂਰਨ ਕੀਤਾ ਜਾਂਦਾ ਹੈ, ਤਾਂ ਜੋ ਅਸੀਂ ਨਿਆਂ ਦੇ ਦਿਨ ਵਿਸ਼ਵਾਸ ਰੱਖ ਸਕੀਏ। ਪੂਰੇ ਭਰੋਸੇ ਅਤੇ (ਉਸ ਦਾ ਸਾਹਮਣਾ ਕਰਨ ਦੇ ਦਲੇਰੀ ਭਰੇ ਹੌਂਸਲੇ ਨਾਲ); ਕਿਉਂਕਿ ਜਿਵੇਂ ਉਹ ਹੈ, ਤਿਵੇਂ ਹੀ ਅਸੀਂ ਵੀ ਇਸ ਸੰਸਾਰ ਵਿੱਚ ਹਾਂ।
18 ਪ੍ਰੇਮ ਵਿੱਚ ਕੋਈ ਡਰ ਨਹੀਂ ਹੁੰਦਾ (ਭੈਅ ਜਾਂ ਦਹਿਸ਼ਤ ਦਾ ਅਸਤਿਤਵ ਨਹੀਂ ਹੁੰਦਾ) ਪਰ ਸੰਪੂਰਨ (ਪੂਰਾ, ਪਰਿਪੱਕ) ਪ੍ਰੇਮ ਡਰ ਨੂੰ ਬਾਹਰ ਕੱਢ ਦਿੰਦਾ ਹੈ, ਕਿਉਂਕਿ ਡਰ ਵਿੱਚ (ਪਰਮੇਸ਼ੁਰ ਵੱਲੋਂ) ਸਜ਼ਾ ਦੀ (ਉਮੀਦ) ਸ਼ਾਮਿਲ ਹੁੰਦੀ ਹੈ। ਇਸ ਲਈ ਜੇ ਮਨੁੱਖ ਡਰਦਾ ਹੈ (ਪਰਮੇਸ਼ੁਰ ਦੇ ਨਿਆਂ ਤੋਂ), ਉਹ ਪ੍ਰੇਮ ਵਿੱਚ ਸੰਪੂਰਨ ਨਹੀਂ ਹੋਇਆ (ਅਰਥਾਤ ਉਹ ਪਰਮੇਸ਼ੁਰ ਦੇ ਪ੍ਰੇਮ ਦੀ ਸ਼ੈ਼ਸ਼ਟ ਸਮਝ ਵਿੱਚ ਵਿਕਸਿਤ ਨਹੀਂ ਹੋਇਆ)।

ਸੰਪੂਰਨ ਪਿਆਰ ਉਹ ਪਿਆਰ ਹੈ ਜੋ ਪੂਰੀ ਤਰ੍ਹਾਂ ਵਿਕਸਿਤ ਹੋਇਆ ਹੈ। ਇਸ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਅਸੀਂ ਆਪਣੇ ਲਈ ਪਰਮੇਸ਼ੁਰ ਦੇ ਪਿਆਰ ਦੀ ਡੂੰਘੀ ਸਮਝ ਵਿੱਚ ਵਧੀਏ।

ਕਿਉਂਕਿ ਪਿਆਰ ਸਾਡੇ ਅੰਦਰ ਪੂਰੀ ਤਰ੍ਹਾਂ ਕਾਇਮ ਹੋਣਾ ਚਾਹੀਦਾ, ਸਾਨੂੰ ਪਿਤਾ ਦੇ ਸਾਡੇ ਲਈ ਮਹਾਨ ਪਿਆਰ ਨੂੰ ਨਿੱਜੀ ਤਜਰਬੇ ਅਤੇ ਸਮਝ ਰਾਹੀਂ ਜਾਣਨਾ ਲਾਜ਼ਮੀ ਹੈ। ਇਸੇ ਲਈ ਪਿਤਾ ਦੇ ਪਿਆਰ ਬਾਰੇ ਇਹ ਸਾਰਾ ਅਧਿਐਨ ਹੈ—ਤਾਂ ਜੋ ਅਸੀਂ ਉਸ ਦੇ ਸਾਡੇ ਲਈ ਮਹਾਨ ਪਿਆਰ ਨੂੰ ਨਿੱਜੀ ਅਤੇ ਅਨੁਭਵੀ ਢੰਗ ਨਾਲ ਜਾਣ ਸਕੀਏ।

ਜਦੋਂ ਇਹ ਹੁੰਦਾ ਹੈ, ਅਸੀਂ ਹਰ ਬੰਧਨ ਤੋਂ ਅਜ਼ਾਦ ਹੋ ਜਾਂਦੇ ਹਾਂ। ਅਸੀਂ

ਹਰ ਕਿਸਮ ਦੇ ਡਰ, ਦੋਸ਼, ਨਿਆਂ ਅਤੇ ਸਜ਼ਾ ਦੇ ਭੈ ਅਤੇ ਪੀੜਾ ਤੋਂ ਮੁਕਤ ਹੋ ਜਾਂਦੇ ਹਾਂ।

ਇੱਥੇ ਅਤੇ ਹੁਣੇ ਹੀ, ਜਦੋਂ ਪਿਆਰ ਸਾਡੇ ਅੰਦਰ ਪੂਰਾ ਹੋ ਜਾਂਦਾ ਹੈ, ਅਰਥਾਤ ਜਦੋਂ ਅਸੀਂ ਪਰਮੇਸ਼ੁਰ ਦੇ ਪਿਆਰ ਦੀ ਕਾਫ਼ੀ ਸਮਝ ਵਿੱਚ ਵਧਦੇ ਹਾਂ, ਤਾਂ ਅਸੀਂ ਉਸ ਦੇ ਨਿਆਂ, ਸਜ਼ਾ ਅਤੇ ਦੋਸ਼ ਲਗਾਏ ਜਾਣ ਦੇ ਹਰ ਡਰ ਅਤੇ ਭੈ ਤੋਂ ਛੁਟਕਾਰਾ ਪਾ ਲੈਂਦੇ ਹਾਂ। ਫਿਰ ਅਸੀਂ ਆਪਣੇ ਸਵਰਗੀ ਪਿਤਾ ਨਾਲ ਪੂਰੀ ਅਜ਼ਾਦੀ ਨਾਲ ਸੰਬੰਧ ਰੱਖਦੇ ਹਾਂ। ਅਸੀਂ ਉਸ ਦਾ ਡੂੰਘਾ ਆਦਰ ਅਤੇ ਭਗਤੀ-ਭਰਿਆ ਡਰ ਰੱਖਦੇ ਹਾਂ ਅਤੇ ਉਸ ਦਾ ਆਦਰ ਕਰਦੇ ਹਾਂ, ਪਰ ਉਸ ਤੋਂ ਡਰਨ ਜਾਂ ਘਬਰਾਉਣ ਵਾਲੇ ਭੈ ਤੋਂ ਪੂਰੀ ਤਰ੍ਹਾਂ ਮੁਕਤ ਹੁੰਦੇ ਹਾਂ। ਅਸੀਂ ਉਸ ਕੋਲ ਇਸ ਡਰ ਤੋਂ ਬਿਨ੍ਹਾਂ ਆਉਂਦੇ ਹਾਂ ਕਿ ਉਹ ਸਾਨੂੰ ਦੋਸ਼ੀ ਠਹਿਰਾਏਗਾ, ਨਿਆਂ ਕਰੇਗਾ ਜਾਂ ਰੱਦ ਕਰ ਦੇਵੇਗਾ।

ਜਿਵੇਂ ਉਹ (ਯਿਸੂ) ਹੈ, ਅਸੀਂ ਵੀ ਇਸ ਸੰਸਾਰ ਵਿੱਚ ਉਹੋ ਜਿਹੇ ਹਾਂ (1 ਯੂਹੰਨਾ 4:17)।

- ਆਤਮਿਕ ਸੰਸਾਰ ਵਿੱਚ ਸਾਡਾ ਦਰਜਾ ਉਹੀ ਹੈ, ਜੋ ਯਿਸੂ ਦਾ ਹੈ!
- ਪਿਤਾ ਦੇ ਸਾਹਮਣੇ ਸਾਡਾ ਸਥਾਨ ਉਹੀ ਹੈ, ਜੋ ਯਿਸੂ ਦਾ ਹੈ!
- ਹਨੇਰੇ ਦੀਆਂ ਸ਼ਕਤੀਆਂ ਦੇ ਸਾਹਮਣੇ ਵੀ ਸਾਡਾ ਸਥਾਨ ਉਹੀ ਹੈ, ਜੋ ਯਿਸੂ ਦਾ ਹੈ!

"...ਜਿਵੇਂ ਉਹ ਹੈ, ਤਿਵੇਂ ਅਸੀਂ ਵੀ ਹਾਂ" (1 ਯੂਹੰਨਾ 4:17)। ਇਸ ਲਈ, ਅਸੀਂ ਪਰਮੇਸ਼ੁਰ ਦੇ ਸਿੰਘਾਸਣ ਅੱਗੇ ਡਰਦੇ ਜਾਂ ਘਬਰਾਉਂਦੇ ਨਹੀਂ ਹਾਂ ਅਤੇ ਨਾ ਹੀ ਬੁਰੀਆਂ ਆਤਮਾਵਾਂ ਤੋਂ ਡਰਦੇ ਹਾਂ।

ਪਿਤਾ ਦੇ ਪਿਆਰ ਨੂੰ ਮਹਿਸੂਸ ਕਰਨਾ ਸਾਨੂੰ ਅਜ਼ਾਦ ਕਰਦਾ ਹੈ...

- ਹਰ ਕਿਸਮ ਦੇ ਦੋਸ਼, ਸ਼ਰਮ ਅਤੇ ਪਾਪ ਦੇ ਅਹਿਸਾਸ ਤੋਂ। ਅਸੀਂ ਪਵਿੱਤਰ ਹਾਂ, ਉਸ ਦੇ ਪਿਆਰ ਨਾਲ ਢੱਕੇ ਹੋਏ ਹਾਂ ਅਤੇ ਨਿਰਦੋਸ਼ ਹਾਂ (ਅਫ਼ਸੀਆਂ 1:4)।
- ਆਪਣੇ ਆਪ ਨੂੰ ਪਿਆਰ ਰਹਿਤ ਜਾਂ ਠੁਕਰਾਇਆ ਹੋਇਆ ਮਹਿਸੂਸ ਕਰਨ ਤੋਂ। ਅਸੀਂ ਉਸ ਪਿਆਰ ਵਿੱਚ ਪੂਰੀ ਤਰ੍ਹਾਂ ਕਬੂਲ ਕੀਤੇ ਗਏ ਹਾਂ

(ਅਫ਼ਸੀਆਂ 1:6)।

- ਉਸ ਦਾ ਪਿਆਰ ਨਿਭਾਉਣ ਜਾਂ ਕਮਾਉਣ ਦੀ ਜ਼ਰੂਰਤ। ਜਦੋਂ ਅਸੀਂ ਉਸ ਨੂੰ ਜਾਣਦੇ ਵੀ ਨਹੀਂ ਸੀ, ਉਸ ਨੇ ਤਦ ਤੋਂ ਹੀ ਸਾਨੂੰ ਪਿਆਰ ਕੀਤਾ (1 ਯੂਹੰਨਾ 4:9,10)।

- ਅਯੋਗਤਾ ਅਤੇ ਨਿਕੰਮੇਪਣ ਦੇ ਹਰ ਅਹਿਸਾਸ ਤੋਂ। ਆਪਣੇ ਪਿਆਰ ਕਰਕੇ ਉਸ ਨੇ ਸਾਨੂੰ ਆਪਣੇ ਪੁੱਤਰਾਂ ਅਤੇ ਧੀਆਂ ਵਾਂਗ ਅਪਣਾਇਆ ਹੈ (ਅਫ਼ਸੀਆਂ 1:5)।

- ਕੈਦੀ, ਗ਼ੁਲਾਮ ਜਾਂ ਫਸੇ ਹੋਏ ਹੋਣ ਦੇ ਅਹਿਸਾਸ ਤੋਂ। ਤੁਸੀਂ ਅਜ਼ਾਦ ਹੋ। ਉਸ ਨੇ ਸਾਨੂੰ ਗ਼ੁਲਾਮੀ ਦਾ ਆਤਮਾ ਨਹੀਂ ਦਿੱਤਾ ਕਿ ਅਸੀਂ ਡਰ ਵਿੱਚ ਜੀਵਨ ਬਿਤਾਈਏ (ਰੋਮੀਆਂ 8:15)।

- ਕਾਬੂ ਕੀਤੇ ਜਾਣ, ਠੱਗੇ ਜਾਣ ਜਾਂ ਵਰਤੇ ਜਾਣ ਦੇ ਅਹਿਸਾਸ ਤੋਂ। ਉਸ ਦੇ ਪਿਆਰ ਨੇ ਸਾਨੂੰ ਤਾਕਤ ਦਿੱਤੀ ਹੈ।

- ਜੀਵਨ ਦੇ ਹਰ ਡਰ ਤੋਂ — ਭਵਿੱਖ ਦਾ ਡਰ, ਅਸਫਲਤਾ ਦਾ ਡਰ, ਘਾਟ ਅਤੇ ਕਮੀ ਦਾ ਡਰ। ਉਸ ਦਾ ਪੂਰਨ ਪਿਆਰ ਹਰ ਡਰ ਨੂੰ ਦੂਰ ਕਰ ਦਿੰਦਾ ਹੈ (1 ਯੂਹੰਨਾ 4:18)।

ਸਾਡੀਆਂ ਅਧੂਰੀਆਂ ਉਮੀਦਾਂ ਉਸ ਦੇ ਪਿਆਰ ਵਿੱਚ ਪੂਰੀਆਂ ਹੋ ਜਾਂਦੀਆਂ ਹਨ।

ਸਾਡੇ ਜੀਵਨ ਦੇ ਉਹ ਔਖੇ ਅਤੇ ਉਲਝਣ ਭਰੇ ਤਜ਼ਰਬੇ, ਜੋ ਕਦੇ ਸਾਨੂੰ ਤੋੜਦੇ ਹੋਏ ਲੱਗਦੇ ਸਨ, ਹੁਣ ਉਸ ਦੇ ਪਿਆਰ ਕਰਕੇ ਛੋਟੇ ਲੱਗਦੇ ਹਨ ਅਤੇ ਅਸੀਂ ਜਿੱਤਣ ਵਾਲਿਆਂ ਤੋਂ ਵੀ ਵੱਧ ਬਣ ਕੇ ਖੜ੍ਹੇ ਰਹਿੰਦੇ ਹਾਂ।

ਸਾਡੀਆਂ ਗ਼ਲਤੀਆਂ, ਮਾੜੇ ਫ਼ੈਸਲੇ ਅਤੇ ਕਮਜ਼ੋਰੀਆਂ ਉਸ ਦੇ ਪਿਆਰ ਵਿੱਚ ਮਿਟ ਜਾਂਦੀਆਂ ਹਨ। ਅਸੀਂ ਬਿਨ੍ਹਾਂ ਸ਼ਰਮ ਦੇ ਖੜ੍ਹੇ ਰਹਿੰਦੇ ਹਾਂ, ਇਹ ਜਾਣਦੇ ਹੋਏ ਕਿ ਅਸੀਂ ਪਿਆਰੇ ਹਾਂ ਅਤੇ ਉਸ ਪਿਆਰ ਵਿੱਚ ਪੂਰੀ ਤਰ੍ਹਾਂ ਕਬੂਲ ਕੀਤੇ ਗਏ ਹਾਂ।

ਜਦੋਂ ਅਸੀਂ ਉਸ ਦਾ ਪਿਆਰ ਕਬੂਲ ਕਰਦੇ ਹਾਂ, ਤਾਂ ਅਸੀਂ ਉਨ੍ਹਾਂ ਸਭ ਗੱਲਾਂ

ਤੋਂ ਅਜ਼ਾਦ ਹੋ ਜਾਂਦੇ ਹਾਂ ਜੋ ਸਾਨੂੰ ਦਬਾਉਂਦੀਆਂ ਹਨ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਹਰ ਮਨੁੱਖ ਦੀਆਂ ਤਿੰਨ ਵੱਡੀਆਂ ਭਾਵਨਾਤਮਕ ਲੋੜਾਂ ਹੁੰਦੀਆਂ ਹਨ — **ਸੁਰੱਖਿਆ, ਆਪਣੀ ਕਦਰ** ਅਤੇ **ਮਹੱਤਤਾ**। ਜਦੋਂ ਅਸੀਂ ਪਿਆਰ ਵਿੱਚ ਪੂਰੇ ਹੋ ਜਾਂਦੇ ਹਾਂ, ਤਾਂ ਇਹ ਤਿੰਨੇਂ ਗੱਲਾਂ ਸਾਨੂੰ ਪਿਤਾ ਦੇ ਪਿਆਰ ਵਿੱਚ ਮਿਲਦੀਆਂ ਹਨ। ਸਾਡੀ ਸੁਰੱਖਿਆ ਉਸ ਦੇ ਪਿਆਰ ਵਿੱਚ ਹੈ। ਕੁਝ ਵੀ ਸਾਨੂੰ ਉਸ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦਾ। ਸਾਡੀ ਕਦਰ ਉਸ ਦੇ ਪਿਆਰ ਵਿੱਚ ਹੈ। ਅਸੀਂ ਪਰਮੇਸ਼ੁਰ ਦੇ ਪਿਆਰੇ ਹਾਂ। ਸਾਡੀ ਮਹੱਤਤਾ ਉਸ ਦੇ ਪਿਆਰ ਵਿੱਚ ਹੈ। ਆਤਮਿਕ ਜੀਵਨ ਵਿੱਚ ਸਾਡੀ ਥਾਂ ਪਹਿਲਾਂ ਹੀ ਨਿਰਧਾਰਤ ਕੀਤੀ ਗਈ ਹੈ। *"ਕਿਉਂਕਿ ਜਿਵੇਂ ਉਹ ਹੈ ਤਿਵੇਂ ਅਸੀਂ ਵੀ ਇਸ ਸੰਸਾਰ ਵਿੱਚ ਹਾਂ"* (1 ਯੂਹੰਨਾ 4:17)।

ਤੁਹਾਡੇ ਲਈ ਪਰਮੇਸ਼ੁਰ ਦਾ ਜੋ ਪਿਆਰ ਹੈ ਉਸ ਨੂੰ ਜਾਣੋ, ਵਿਸ਼ਵਾਸ ਕਰੋ, ਕਬੂਲ ਕਰੋ ਅਤੇ ਉਸ ਵਿੱਚ ਅਰਾਮ ਕਰੋ

1 ਯੂਹੰਨਾ 4:16

ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਉਹ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ।

ਯੂਹੰਨਾ ਇੱਥੇ ਲਿਖਦਾ ਹੈ ਕਿ ਅਸੀਂ ਉਸ ਪਿਆਰ ਨੂੰ ਜਾਣ ਲਿਆ ਹੈ ਅਤੇ ਉਸ ਪਿਆਰ 'ਤੇ ਵਿਸ਼ਵਾਸ ਕੀਤਾ ਹੈ, ਜੋ ਪਰਮੇਸ਼ੁਰ ਨੇ ਸਾਡੇ ਲਈ ਰੱਖਿਆ ਹੈ। ਪਰਮੇਸ਼ੁਰ ਪਿਆਰ ਹੈ-ਅਸੀਂ ਉਸ ਨੂੰ ਮੰਨਦੇ ਹਾਂ ਅਤੇ ਉਸ ਦੇ ਪਿਆਰ ਨੂੰ ਕਬੂਲ ਕਰਦੇ ਹਾਂ। ਅਸੀਂ ਪਰਮੇਸ਼ੁਰ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ। ਸਾਨੂੰ ਆਪਣੇ ਲਈ ਪਿਤਾ ਦੇ ਪਿਆਰ ਨੂੰ ਜਾਣਨਾ, ਉਸ 'ਤੇ ਵਿਸ਼ਵਾਸ ਕਰਨਾ, ਉਸ ਨੂੰ ਕਬੂਲ ਕਰਨਾ ਅਤੇ ਉਸ ਵਿੱਚ ਬਣੇ ਰਹਿਣਾ ਹੈ।

ਜਾਣੋ

ਜਾਣਨ ਦਾ ਅਰਥ ਹੈ ਕਿਸੇ ਗੱਲ ਦੀ ਸਮਝ ਰੱਖਣਾ, ਉਸ ਨੂੰ ਪੂਰੀ ਤਰ੍ਹਾਂ ਜਾਣਨਾ ਅਤੇ ਉਸ ਬਾਰੇ ਨਿਸ਼ਚਤ ਹੋਣਾ। ਅਸੀਂ ਹੁਣ ਤੱਕ ਜੋ ਕੁਝ ਲਿਖਿਆ ਹੈ, ਉਹ ਇਸ ਲਈ ਹੈ ਕਿ ਸਾਡੇ ਲਈ ਪਿਤਾ ਦੇ ਪਿਆਰ ਦਾ ਸੱਚ ਸਾਡੇ ਸਾਹਮਣੇ ਆਵੇ। ਅਸੀਂ ਪਵਿੱਤਰ ਲਿਖਤਾਂ ਪੜ੍ਹੀਆਂ ਹਨ ਅਤੇ ਅਸੀਂ ਪਰਮੇਸ਼ੁਰ ਦੇ ਸਾਡੇ ਲਈ

ਪਿਆਰ ਨੂੰ ਜਾਣਦੇ ਹਾਂ।

ਵਿਸ਼ਵਾਸ ਕਰੋ

ਹੁਣ ਸਾਨੂੰ ਵਿਸ਼ਵਾਸ ਕਰਨਾ ਹੈ। ਸਾਨੂੰ ਪਿਤਾ ਦੇ ਪਿਆਰ 'ਤੇ ਵਿਸ਼ਵਾਸ ਕਰਨਾ ਹੈ, ਆਪਣੇ ਆਪ ਨੂੰ ਉਸ ਦੇ ਹੱਥਾਂ ਵਿੱਚ ਸੌਂਪਣਾ ਹੈ ਅਤੇ ਉਸ 'ਤੇ ਭਰੋਸਾ ਕਰਨਾ ਹੈ। ਅਸੀਂ ਉਸ ਪਿਆਰ 'ਤੇ ਵਿਸ਼ਵਾਸ ਕਰਦੇ ਹਾਂ, ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ। ਅਸੀਂ ਪਰਮੇਸ਼ੁਰ ਦਾ ਵਚਨ ਪੜ੍ਹਿਆ ਹੈ। ਉਸ ਦਾ ਵਚਨ ਸੱਚ ਹੈ। ਪਰਮੇਸ਼ੁਰ ਦਾ ਵਚਨ ਸਾਡੇ ਨਾਲ ਉਸ ਦੇ ਮਹਾਨ ਪਿਆਰ ਬਾਰੇ ਝੂਠ ਨਹੀਂ ਬੋਲਦਾ। ਸਲੀਬ ਵੀ ਸਾਡੇ ਲਈ ਪਰਮੇਸ਼ੁਰ ਦੇ ਮਹਾਨ ਪਿਆਰ ਬਾਰੇ ਝੂਠ ਨਹੀਂ ਬੋਲਦੀ। ਅਸੀਂ ਪਿਤਾ ਦੇ ਸਾਡੇ ਲਈ ਪਿਆਰ 'ਤੇ ਵਿਸ਼ਵਾਸ ਕਰਦੇ ਹਾਂ।

ਕਬੂਲ ਕਰੋ – ਨਿੱਜੀ ਤੌਰ 'ਤੇ ਅਨੁਭਵ ਕਰੋ

ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ, ਤਦ ਅਸੀਂ ਉਸ ਨੂੰ ਕਬੂਲ ਕਰ ਸਕਦੇ ਹਾਂ, ਅਰਥਾਤ ਉਸ ਨੂੰ ਆਪਣਾ ਬਣਾ ਸਕਦੇ ਹਾਂ। ਅਸੀਂ ਨਿੱਜੀ ਤੌਰ 'ਤੇ ਪਿਤਾ ਦੇ ਸਾਡੇ ਲਈ ਪਿਆਰ ਦਾ ਅਨੁਭਵ ਕਰਦੇ ਹਾਂ। ਪਰਮੇਸ਼ੁਰ ਪਿਆਰ ਹੈ। ਉਹ ਇਹੀ ਹੈ। ਉਹ ਸਾਡੇ ਨਾਲ ਪਿਆਰ ਕਰਦਾ ਹੈ ਕਿਉਂਕਿ ਉਹ ਪਿਆਰ ਹੈ। ਅਸੀਂ ਸਿਰਫ਼ ਕਬੂਲ ਕਰਦੇ ਹਾਂ, ਤਾਂ ਜੋ ਪਿਤਾ ਦੇ ਪਿਆਰ ਨੂੰ ਅਨੁਭਵ ਕਰ ਸਕੀਏ। ਅਸੀਂ ਕੇਵਲ ਉਸ ਨੂੰ ਇਹ ਆਗਿਆ ਦਿੰਦੇ ਹਾਂ ਕਿ ਉਹ ਆਪਣੇ ਪਿਆਰ ਨਾਲ ਸਾਨੂੰ ਗਲੇ ਲਗਾਏ।

ਤੁਸੀਂ ਉਸ ਨੂੰ ਤੁਹਾਨੂੰ ਪਿਆਰ ਕਰਨ ਦਿੰਦੇ ਹੋ, ਕਿਉਂਕਿ ਉਹ ਪਿਆਰ ਹੈ, ਕਿਉਂਕਿ ਉਹ ਤੁਹਾਡਾ ਪਿਤਾ ਹੈ...।

...ਇਸ ਲਈ ਨਹੀਂ ਕਿ ਤੁਸੀਂ ਉਸ ਦੇ ਸਭ ਤੋਂ ਚੰਗੇ ਬੱਚੇ ਹੋ।

...ਇਸ ਲਈ ਨਹੀਂ ਕਿ ਤੁਸੀਂ ਉਸ ਨੂੰ ਕਮਾਇਆ ਹੈ।

...ਇਸ ਲਈ ਨਹੀਂ ਕਿ ਤੁਸੀਂ ਉਸ ਲਈ ਬਹੁਤ ਕੁਝ ਕੀਤਾ ਹੈ।

ਉਸ ਨੂੰ ਤੁਹਾਨੂੰ ਪਿਆਰ ਕਰਨ ਦਿਓ, ਕਿਉਂਕਿ ਉਹ ਸਿਰਫ਼ ਇਹੀ ਚਾਹੁੰਦਾ ਹੈ ਕਿ ਤੁਸੀਂ ਉਸ ਦਾ ਪਿਆਰ ਕਬੂਲ ਕਰੋ।

ਪੌਲੁਸ ਨੇ ਵੀ ਇਹੀ ਪ੍ਰਾਰਥਨਾ ਕੀਤੀ ਸੀ, ਜਿਵੇਂ ਅਸੀਂ ਪਿਛਲੇ ਅਧਿਆਇ ਵਿੱਚ ਵੇਖਿਆ। ਸਾਨੂੰ ਨਿੱਜੀ ਅਨੁਭਵ ਰਾਹੀਂ ਉਸ ਅਸੀਮ ਪਿਆਰ ਨੂੰ ਜਾਣਨਾ ਹੈ, ਜੋ ਪਿਤਾ ਸਾਡੇ ਲਈ ਰੱਖਦਾ ਹੈ ਅਤੇ ਫਿਰ ਉਸ ਦੇ ਪਿਆਰ ਵਿੱਚ ਡੂੰਘੀ ਜੜ੍ਹ ਪੱਕੀ ਕਰਨੀ ਹੈ ਅਤੇ ਮਜ਼ਬੂਤ ਬਣਨਾ ਹੈ।

ਅਫ਼ਸੀਆਂ 3:17-19 (ਜਿਵੇਂ ਕਿ ਐਂਪਲੀਫਾਈਡ ਬਾਈਬਲ ਵਿੱਚ ਦਿੱਤਾ ਗਿਆ ਹੈ)
17 ਕਿ ਮਸੀਹ ਤੁਹਾਡਿਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ ਵੱਸੇ ਤਾਂ ਜੋ ਪ੍ਰੇਮ ਵਿੱਚ ਗੱਡ ਕੇ ਅਤੇ (ਮਜ਼ਬੂਤ) ਠੁੱਕ ਕੇ,
18 ਤੁਸੀਂ ਸਾਰੇ (ਪਰਮੇਸ਼ੁਰ ਦੇ ਲੋਕੋ) ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੋ ਭਈ ਕਿੰਨੀ ਹੀ ਚੁੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ (ਉਸ ਅਦਭੁੱਤ ਅਤੇ ਬੇਅੰਤ ਪਿਆਰ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ);
19 ਅਤੇ ਮਸੀਹ ਦੇ ਪ੍ਰੇਮ ਨੂੰ (ਵਿਅਕਤੀਗਤ ਅਨੁਭਵ ਦੇ ਦੁਆਰਾ ਵਿਵਹਾਰਿਕ ਤੌਰ ਤੇ ਜਾਣ ਸਕੋ) ਜੋ (ਸਿਰਫ਼) ਗਿਆਨ ਤੋਂ ਪਰ੍ਹੇ (ਬਿਨ੍ਹਾਂ ਅਨੁਭਵ ਦੇ) ਹੈ ਚੰਗੀ ਤਰ੍ਹਾਂ ਜਾਣ ਸਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ (ਆਪਣੇ ਸੰਪੂਰਨ ਵਿਅਕਤੀਤਵ ਵਿੱਚ) ਭਰਪੂਰੀ ਹੋ ਜਾਓ (ਤਾਂ ਜੋ ਤੁਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਦਾ ਸਭ ਤੋਂ ਡੂੰਘਾ ਅਨੁਭਵ ਕਰੋ ਅਤੇ ਪੂਰੀ ਤਰ੍ਹਾਂ ਪਰਮੇਸ਼ੁਰ ਨਾਲ ਭਰ ਜਾਓ)।

ਜਦੋਂ ਅਸੀਂ ਪਿਤਾ ਦੇ ਪਿਆਰ ਦਾ ਪ੍ਰਕਾਸ਼ ਪਾਉਂਦੇ ਹਾਂ, ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਾਡੀਆਂ ਸਾਰੀਆਂ ਭਾਵਨਾਤਮਕ ਲੋੜਾਂ ਪੂਰੀਆਂ ਹੋ ਗਈਆਂ ਹਨ। ਸਾਨੂੰ ਪੂਰੇ ਸਵੀਕਾਰ ਕੀਤੇ ਜਾਣ ਦਾ ਅਹਿਸਾਸ ਹੁੰਦਾ ਹੈ। ਪਿਤਾ ਦੇ ਪਿਆਰ ਨੂੰ ਕਬੂਲ ਕਰਨ ਨਾਲ ਡੂੰਘੀ ਭਾਵਨਾਤਮਕ ਚੰਗਿਆਈ ਆਉਂਦੀ ਹੈ ਅਤੇ ਉਹ ਸਾਨੂੰ ਭਾਵਨਾਤਮਕ ਤੰਦਰੁਸਤੀ ਅਤੇ ਭਲਾਈ ਦੇ ਸਥਾਨ ਵਿੱਚ ਲੈ ਜਾਂਦਾ ਹੈ। ਉਸ ਦੇ ਪੁੱਤਰ ਅਤੇ ਧੀਆਂ ਹੋਣ ਦੇ ਇਸ ਸਥਾਨ ਵਿੱਚ ਅਸੀਂ ਆਪਣੀ ਪੂਰੀ ਪਹਿਚਾਣ ਲੱਭਦੇ ਹਾਂ।

ਉਸ ਦੇ ਪਿਆਰ ਵਿੱਚ ਅਰਾਮ ਕਰੋ — ਬਣੇ ਰਹੋ, ਜੜ੍ਹ ਪੱਕੀ ਕਰੋ, ਮਜ਼ਬੂਤ ਨੀਂਹ ਰੱਖੋ

1 ਯੂਹੰਨਾ 4:16 (ਜਿਵੇਂ ਕਿ ਦ ਮੈਸੇਜ ਇੰਗਲਿਸ਼ ਬਾਈਬਲ ਵਿੱਚ ਦਿੱਤਾ ਗਿਆ ਹੈ)
ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਉਹ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ, ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ।

ਉਸ ਦੇ ਪਿਆਰ ਦਾ ਅਨੁਭਵ ਕਰਨ ਤੋਂ ਬਾਅਦ, ਸਾਨੂੰ ਪਿਤਾ ਦੇ ਸਾਡੇ

ਲਈ ਪਿਆਰ ਵਿੱਚ ਬਣੇ ਰਹਿਣਾ ਹੈ। “ਬਣੇ ਰਹਿਣਾ” ਦਾ ਅਰਥ ਹੈ, ਉਸ ਦੇ ਪਿਆਰ ਵਿੱਚ ਟਿਕੇ ਰਹਿਣਾ, ਵਿਸ਼ਰਾਮ ਕਰਨਾ, ਜੜ੍ਹ ਪੱਕੀ ਕਰਨਾ ਅਤੇ ਮਜ਼ਬੂਤ ਨੀਂਹ ਰੱਖਣਾ। ਇਹ ਸਿਰਫ਼ ਕਦੇ-ਕਦੇ ਉਸ ਦੇ ਪਿਆਰ ਦਾ ਅਨੁਭਵ ਕਰਨ ਨਾਲੋਂ ਵੱਖਰਾ ਹੈ। ਸਾਨੂੰ ਉਸ ਦੇ ਪਿਆਰ ਵਿੱਚ ਰਹਿਣਾ ਅਤੇ ਵਿਸ਼ਰਾਮ ਕਰਨਾ ਹੈ। ਫਿਰ ਅਸੀਂ ਉਸੇ ਸਥਾਨ ਤੋਂ ਜੀਵਨ ਜੀਉਂਦੇ ਹਾਂ।

ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਵਿਸ਼ਰਾਮ ਕਰਦੇ ਹਾਂ, ਤਦ ਅਸੀਂ ਕਿਸੇ ਹੋਰ ਗੱਲ ਨੂੰ ਸਾਨੂੰ ਹਿਲਾਉਣ ਨਹੀਂ ਦਿੰਦੇ। ਹਨੇਰੀਆਂ ਆਉਣਗੀਆਂ। ਤੂਫ਼ਾਨ ਚੱਲਣਗੇ। ਮੁਸ਼ਕਲ ਹਾਲਾਤ ਆਉਣਗੇ। ਪਰ ਅਸੀਂ ਉਸ ਦੇ ਪਿਆਰ ‘ਤੇ ਭਰੋਸਾ ਕਰਾਂਗੇ। ਅਸੀਂ ਉਸ ਸਥਾਨ ਵਿੱਚ ਹਾਂ ਜੋ ਸਾਨੂੰ ਉਸ ਦੇ ਪਿਆਰ ਕਰਕੇ ਹੱਦੋਂ ਵੱਧ ਫਤਹਿਮੰਦ ਬਣਾਉਂਦਾ ਹੈ।

ਜਦੋਂ ਅਸੀਂ ਉਸ ਦੇ ਪਿਆਰ ਵਿੱਚ ਵਿਸ਼ਰਾਮ ਕਰਦੇ ਹਾਂ, ਲੋਕ ਸਾਡੀ ਆਲੋਚਨਾ ਕਰ ਸਕਦੇ ਹਨ, ਸਾਡੇ ‘ਤੇ ਝੂਠੇ ਦੋਸ਼ ਲਾ ਸਕਦੇ ਹਨ, ਸਾਡਾ ਵਿਰੋਧ ਕਰ ਸਕਦੇ ਹਨ ਜਾਂ ਸਾਡੇ ਰਸਤੇ ਵਿੱਚ ਰੁਕਾਵਟ ਪਾ ਸਕਦੇ ਹਨ। ਪਰ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਸਾਨੂੰ ਹਿਲਾ ਨਹੀਂ ਸਕਦੀ। ਅਸੀਂ ਬਦਲਾ ਲੈਣ ਜਾਂ ਆਪਣੇ ਆਪ ਨੂੰ ਸਾਬਤ ਕਰਨ ਦੀ ਲੋੜ ਮਹਿਸੂਸ ਨਹੀਂ ਕਰਦੇ। ਅਸੀਂ ਉਸ ਦੇ ਪਿਆਰ ਵਿੱਚ ਮਜ਼ਬੂਤ ਹੋ ਜਾਂਦੇ ਹਾਂ। ਅਸੀਂ ਪਿਆਰ ਨਾਲ ਹੀ ਜਵਾਬ ਦਿੰਦੇ ਹਾਂ। ਅਸੀਂ ਉਹੀ ਕਰਦੇ ਹਾਂ ਜੋ ਪਿਆਰ ਕਰੇਗਾ।

ਸਫ਼ਨਯਾਹ 3:17
ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿੱਚ ਹੈ,
ਉਹ ਸਮਰੱਥੀ ਬਚਾਉਣ ਵਾਲਾ ਹੈ।।
ਉਹ ਅਨੰਦ ਨਾਲ ਤੇਰੇ ਉੱਤੇ ਖੁਸ਼ੀ ਕਰੇਗਾ,
ਉਹ ਆਪਣਾ ਪ੍ਰੇਮ ਤਾਜ਼ਾ ਕਰੇਗਾ,
ਉਹ ਤੇਰੇ ਕਾਰਨ ਜੈਕਾਰਿਆਂ ਨਾਲ ਨਿਹਾਲ ਹੋਵੇਗਾ।

ਪਰਮੇਸ਼ੁਰ ਸਾਨੂੰ ਆਪਣੇ ਪਿਆਰ ਨਾਲ ਸ਼ਾਂਤ ਕਰਦਾ ਹੈ। ਇੱਕ ਰੋਣ ਵਾਲੇ ਬੱਚੇ ਦੀ ਕਲਪਨਾ ਕਰੋ। ਉਸ ਨੂੰ ਗੋਦ ਵਿੱਚ ਚੁੱਕਦੇ ਹਨ, ਉਸ ਨੂੰ ਗਲੇ ਲਗਾਉਂਦੇ ਹਨ ਅਤੇ ਥੋੜ੍ਹੀ ਦੇਰ ਵਿੱਚ ਉਹ ਬੱਚਾ ਸ਼ਾਂਤੀ ਨਾਲ ਸੌਂ ਜਾਂਦਾ ਹੈ। ਠੀਕ ਇਸੇ ਤਰ੍ਹਾਂ ਪਰਮੇਸ਼ੁਰ ਸਾਨੂੰ ਸ਼ਾਂਤ ਕਰਦਾ ਹੈ ਅਤੇ ਵਿਸ਼ਰਾਮ ਦਿੰਦਾ ਹੈ। ਉਹ ਸਾਨੂੰ ਆਪਣੇ ਅਟੁੱਟ, ਕਦੇ ਨਾ ਮੁੱਕਣ ਵਾਲੇ ਅਤੇ ਅਸੀਮ ਪਿਆਰ ਦਾ ਭਰੋਸਾ

ਦਿਵਾਉਂਦਾ ਹੈ। ਪਵਿੱਤਰ ਆਤਮਾ ਰਾਹੀਂ ਪਿਤਾ ਦੇ ਪਿਆਰ ਦਾ ਇਹ ਭਰੋਸਾ ਸਾਡੇ ਮਨ ਅਤੇ ਪ੍ਰਾਣਾਂ ਨੂੰ ਢੱਕ ਲੈਂਦਾ ਹੈ। ਅਸੀਂ ਉਸ ਦੇ ਪਿਆਰ ਨਾਲ ਸ਼ਾਂਤ ਹੋ ਜਾਂਦੇ ਹਾਂ।

ਸਾਨੂੰ ਉਸ ਦੇ ਪਿਆਰ ਵਿੱਚ ਅਰਾਮ ਕਰਨਾ ਅਤੇ ਉਸ ਪਿਆਰ ਵਿੱਚੋਂ ਜੀਵਨ ਜੀਉਣਾ ਸਿੱਖਣਾ ਚਾਹੀਦਾ ਹੈ, ਜੋ ਉਹ ਸਾਡੇ ਲਈ ਰੱਖਦਾ ਹੈ। ਅਗਲੇ ਅਧਿਆਇ ਵਿੱਚ ਅਸੀਂ ਹੋਰ ਸੰਖੇਪ ਨਾਲ ਵੇਖਾਂਗੇ ਕਿ ਉਸ ਦੇ ਪਿਆਰ ਵਿੱਚ ਬਣੇ ਰਹਿਣ ਦਾ ਕੀ ਅਰਥ ਹੈ।

ਪਿਤਾ ਦੇ ਪਿਆਰ ਨੂੰ ਅਨੁਭਵ ਕਰਨ ਅਤੇ ਕਬੂਲ ਕਰਨ ਲਈ ਪ੍ਰਾਰਥਨਾ

ਪਿਆਰੇ ਸਵਰਗੀ ਪਿਤਾ,

ਮੇਰੇ ਲਈ ਤੁਹਾਡੇ ਮਹਾਨ ਪਿਆਰ ਦਾ ਭਰੋਸਾ ਮੇਰੇ ਦਿਲ ਨੂੰ ਭਰ ਦੇਵੇ, ਮੇਰੇ ਉੱਤੇ ਆਵੇ ਅਤੇ ਮੈਨੂੰ ਢੱਕ ਲਵੇ। ਇਸ ਵੇਲੇ ਆਪਣੇ ਮਹਾਨ ਪਿਆਰ ਨਾਲ ਮੈਨੂੰ ਨਿੱਜੀ ਅਤੇ ਸੱਚੇ ਤਰੀਕੇ ਨਾਲ ਮਿਲੋ। ਪਵਿੱਤਰ ਆਤਮਾ, ਮੇਰੇ ਦਿਲ ਵਿੱਚ ਪਿਤਾ ਦਾ ਪਿਆਰ ਨਵੇਂ ਸਿਰੇ ਨਾਲ ਉਂਡੇਲੋ। ਪਰਮੇਸ਼ੁਰ ਦਾ ਪਿਆਰ ਮੇਰੀ ਪੂਰੀ ਹੋਂਦ ਵਿੱਚ — ਮੇਰੇ ਦਿਲ, ਮਨ, ਇੱਛਾ ਅਤੇ ਭਾਵਨਾਵਾਂ ਵਿੱਚ ਵਹੇ। ਮੇਰੇ ਅੰਦਰਲੇ ਜਖਮੀ ਹਿੱਸਿਆਂ ਵਿੱਚ ਆਪਣਾ ਪਿਆਰ ਉਂਡੇਲੋ ਅਤੇ ਮੈਨੂੰ ਚੰਗਾ ਕਰੋ।

ਸਾਰੇ ਜਖਮ, ਦਰਦ ਅਤੇ ਨਕਾਰਾਤਮਕ ਭਾਵਨਾਵਾਂ ਦੂਰ ਹੋ ਜਾਣ। ਸਾਰਾ ਦੋਸ਼, ਸ਼ਰਮਿੰਦਗੀ, ਤ੍ਰਿਸਕਾਰ, ਇਕੱਲੇਪਣ, ਤਿਆਗ ਅਤੇ ਅਲਹਿਦਗੀ ਦਾ ਅਹਿਸਾਸ ਤੁਹਾਡੇ ਪਿਆਰ ਨਾਲ ਧੋਤਾ ਜਾਵੇ। ਹਰ ਕਿਸਮ ਦਾ ਡਰ — ਭਵਿੱਖ ਦਾ ਡਰ, ਅਸਫਲਤਾ ਦਾ ਡਰ, ਲੋਕਾਂ 'ਤੇ ਭਰੋਸਾ ਕਰਨ ਦਾ ਡਰ — ਦੂਰ ਹੋ ਜਾਵੇ।

ਪਿਤਾ ਦਾ ਪਿਆਰ ਮੇਰੇ ਹੰਕਾਰ, ਆਤਮ-ਨਿਰਭਰਤਾ, ਮੇਰੀਆਂ ਭਾਵਨਾਤਮਕ ਕੰਧਾਂ ਅਤੇ ਉਨ੍ਹਾਂ ਸੁਰੱਖਿਆ ਵਾਲੀਆਂ ਰੋਕਾਂ ਨੂੰ ਤੋੜ ਦੇਵੇ, ਜੋ ਮੈਨੂੰ ਤੁਹਾਡੇ ਪਿਆਰ ਦਾ ਅਸਲ ਅਨੁਭਵ ਕਰਨ ਤੋਂ ਰੋਕਦੀਆਂ ਹਨ।

ਮੈਨੂੰ ਮੇਰੇ ਬੰਧਨਾਂ ਤੋਂ ਅਜ਼ਾਦ ਕਰੋ — ਕੰਮ ਕਰਕੇ ਆਪਣੇ ਆਪ ਨੂੰ ਸਾਬਤ

ਕਰਨ ਦੀ ਲੋੜ ਤੋਂ, ਪਿਆਰ ਅਤੇ ਮਨਜ਼ੂਰੀ ਕਮਾਉਣ ਦੀ ਜ਼ੋਰਦਾਰ ਕੋਸ਼ਿਸ਼ ਤੋਂ — ਅਤੇ ਮੈਨੂੰ ਉਸ ਸਥਾਨ ਵਿੱਚ ਲਿਆਓ ਜਿੱਥੇ ਮੈਂ ਸਿਰਫ਼ ਤੁਹਾਡੇ ਬੇਅੰਤ, ਬੇਮਾਪ, ਬਿਨ੍ਹਾਂ ਸ਼ਰਤ ਅਤੇ ਨਾ ਬਦਲਣ ਵਾਲੇ ਪਿਆਰ ਨੂੰ ਕਬੂਲ ਕਰਾਂ।

ਮੈਨੂੰ ਆਪਣੇ ਪਿਆਰ ਨਾਲ ਸ਼ਾਂਤ ਕਰੋ। ਮੈਨੂੰ ਤੁਹਾਡੇ ਪਿਆਰ ਵਿੱਚ ਵਿਸ਼ਰਾਮ ਦੇ ਸਥਾਨ ਵਿੱਚ ਲਿਆਓ। ਮੈਂ ਆਪਣੇ ਸਵਰਗੀ ਪਿਤਾ ਦੀਆਂ ਬਾਹਾਂ ਨੂੰ ਕਬੂਲ ਕਰਦਾ ਹਾਂ।

ਯਿਸੂ ਦੇ ਨਾਮ ਵਿੱਚ। ਆਮੀਨ।

ਪ੍ਰਤੀਬਿੰਬ

1) 1 ਕੁਰਿੰਥੀਆਂ 13:4-8 ‘ਤੇ ਮਨਨ ਕਰੋ ਅਤੇ ਇਸ ਨੂੰ ਉਸ ਪਿਆਰ ਦੇ ਵਰਣਨ ਵਜੋਂ ਵੇਖੋ, ਜੋ ਪਰਮੇਸ਼ੁਰ ਤੁਹਾਡੇ ਲਈ ਰੱਖਦਾ ਹੈ। ਇਸ ਨੂੰ ਆਪਣੇ ਲਈ ਪਿਤਾ ਦੇ ਨਿੱਜੀ ਪਿਆਰ ਦੇ ਰੂਪ ਵਿੱਚ ਲਿਖੋ।

2) ਯੂਹੰਨਾ 17:23,26 ‘ਤੇ ਮਨਨ ਕਰੋ। ਪਿਤਾ ਤੁਹਾਡੇ ਨਾਲ ਓਸੇ ਤਰ੍ਹਾਂ ਪਿਆਰ ਕਰਦਾ ਹੈ, ਜਿਵੇਂ ਉਹ ਯਿਸੂ ਨਾਲ ਕਰਦਾ ਹੈ ਅਤੇ ਤੁਸੀਂ ਪਰਮੇਸ਼ੁਰ ਦੇ ਪਿਆਰੇ ਹੋ। ਇਸ ਦਾ ਤੁਹਾਡੇ ਲਈ ਨਿੱਜੀ ਤੌਰ ‘ਤੇ ਕੀ ਅਰਥ ਹੈ?

3) ਰੋਮੀਆਂ 8:35-37 ‘ਤੇ ਮਨਨ ਕਰੋ। ਅਸੀਂ ਸਾਰੇ ਹਾਲਾਤਾਂ ਵਿੱਚ “ਹੱਦੋਂ ਵੱਧ ਫਤਹਿਮੰਦ” ਕਿਉਂ ਹਾਂ? ਇਹ ਤੁਹਾਡੇ ਜੀਵਨ ਦੇ ਹਾਲਾਤਾਂ ਨੂੰ ਦੇਖਣ ਦੇ ਨਜ਼ਰੀਏ ਨੂੰ ਕਿਵੇਂ ਬਦਲਦਾ ਹੈ?

4) ਐਂਪਲੀਫਾਈਡ ਬਾਈਬਲ ਵਿੱਚੋਂ 1 ਯੂਹੰਨਾ 4:17,18 ਨੂੰ ਪੜ੍ਹੋ ਅਤੇ ਵਿਚਾਰ ਕਰੋ ਕਿ “ਉਸ ਦਾ ਪਿਆਰ ਸਾਡੇ ਵਿੱਚ ਪਰਿਪੱਕ” ਹੋਣ ਦਾ ਕੀ ਅਰਥ ਹੈ। ਅਸੀਂ ਉਸ ਸਥਾਨ ਤੱਕ ਕਿਵੇਂ ਪਹੁੰਚ ਸਕਦੇ ਹਾਂ ਜਿੱਥੇ ਉਸੇ ਦਾ ਪਿਆਰ ਸਾਡੇ ਅੰਦਰ ਸੰਪੂਰਨ ਹੋ ਜਾਵੇ? ਇਸ ਦਾ ਸਾਡੇ ਜੀਵਨ ‘ਤੇ ਕੀ ਅਸਰ ਪਵੇਗਾ?

5
ਪਿਤਾ ਦੇ ਪਿਆਰ ਵਿੱਚ ਬਣੇ ਰਹੋ

ਪਿਤਾ ਦੇ ਪਿਆਰ ਨੂੰ ਕਬੂਲ ਕਰੋ – “ਮੇਰਾ ਪਿਤਾ ਮੈਨੂੰ ਪਿਆਰ ਕਰਦਾ ਹੈ”

ਯਿਸੂ ਦਾ ਪਿਤਾ ਨਾਲ ਰਿਸ਼ਤਾ ਦੇਖਣਾ ਬਹੁਤ ਅਦਭੁਤ ਹੈ। ਪ੍ਰਭੂ ਯਿਸੂ ਅਕਸਰ ਪਿਤਾ ਦੇ ਆਪਣੇ ਲਈ ਪਿਆਰ ਨੂੰ ਮੰਨਦਾ ਅਤੇ ਕਬੂਲ ਕਰਦਾ ਸੀ। ਉਸ ਨੇ ਇਹ ਵੀ ਜਾਣਿਆ ਅਤੇ ਮੰਨਿਆ ਕਿ ਪਿਤਾ ਉਸ ਨਾਲ ਪਿਆਰ ਕਰਦਾ ਹੈ, ਇਸ ਲਈ ਉਹ ਉਸ ਦੇ ਲਈ ਬਹੁਤ ਕੁਝ ਕਰ ਰਿਹਾ ਸੀ।

ਯੂਹੰਨਾ 3:35
ਪਿਤਾ ਪੁੱਤ੍ਰ ਨਾਲ ਪਿਆਰ ਕਰਦਾ ਹੈ ਅਤੇ ਸੱਭੇ ਕੁਝ ਉਹ ਦੇ ਹੱਥ ਸੌਂਪ ਦਿੱਤਾ ਹੈ।

ਪਿਤਾ ਨੇ ਸਭ ਕੁਝ ਯਿਸੂ ਦੇ ਹੱਥ ਵਿੱਚ ਸੌਂਪ ਦਿੱਤਾ ਸੀ।

ਯੂਹੰਨਾ 5:20
ਪਿਤਾ ਤਾਂ ਪੁੱਤ੍ਰ ਨਾਲ ਤੇਹ ਕਰਦਾ ਹੈ ਅਤੇ ਜੋ ਕੰਮ ਉਹ ਆਪ ਕਰਦਾ ਹੈ ਸੋ ਸਭ ਉਹ ਨੂੰ ਵਿਖਾਲਦਾ ਹੈ ਅਤੇ ਉਹ ਇਨ੍ਹਾਂ ਨਾਲੋਂ ਵੱਡੇ ਕੰਮ ਉਸ ਨੂੰ ਵਿਖਾਵੇਗਾ ਭਈ ਤੁਸੀਂ ਅਚਰਜ ਹੋਵੋ।

ਪਿਤਾ ਜੋ ਕੁਝ ਕਰ ਰਿਹਾ ਸੀ, ਉਹ ਯਿਸੂ ਨੂੰ ਦਿਖਾ ਰਿਹਾ ਸੀ ਅਤੇ ਉਹ ਉਸ ਨੂੰ ਹੋਰ ਵੀ ਵੱਡੇ ਕੰਮ ਦਿਖਾਉਣ ਵਾਲਾ ਸੀ।

ਯੂਹੰਨਾ 17:24
ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ ਮੇਰੇ ਨਾਲ ਹੋਣ ਤਾਂ ਜੋ ਓਹ ਮੇਰੀ ਵਡਿਆਈ ਜੋ ਤੈਂ ਮੈਨੂੰ ਦਿੱਤੀ ਹੈ ਵੇਖਣ ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ।

ਯਿਸੂ ਜਾਣਦਾ ਸੀ ਕਿ ਪਿਤਾ ਉਸ ਨਾਲ ਪਿਆਰ ਕਰਦਾ ਹੈ। ਇਸ ਲਈ ਉਸ ਨੇ ਪਿਤਾ ਨਾਲ ਪ੍ਰਾਰਥਨਾ ਕੀਤੀ ਅਤੇ ਆਪਣੀ ਇੱਛਾ ਉਸ ਦੇ ਅੱਗੇ ਰੱਖੀ।

ਯੂਹੰਨਾ 10:17
ਪਿਤਾ ਮੈਨੂੰ ਇਸ ਲਈ ਪਿਆਰ ਕਰਦਾ ਹੈ ਕਿ ਮੈਂ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ।

ਇਸ ਦੇ ਜਵਾਬ ਵਿੱਚ, ਯਿਸੂ ਪਿਤਾ ਦੀ ਆਗਿਆ ਵਿੱਚ ਚੱਲਿਆ ਅਤੇ ਉਸ ਦੀ ਇੱਛਾ ਪੂਰੀ ਕੀਤੀ।

ਪਿਤਾ ਸਾਨੂੰ ਵੀ ਉਸੇ ਤਰ੍ਹਾਂ ਅਤੇ ਉਸੇ ਮਾਪ ਵਿੱਚ ਪਿਆਰ ਕਰਦਾ ਹੈ, ਜਿਵੇਂ ਉਹ ਯਿਸੂ ਨਾਲ ਕਰਦਾ ਹੈ। ਪਿਤਾ ਸਾਡੇ ਨਾਲ ਪਿਆਰ ਕਰਦਾ ਹੈ ਅਤੇ ਉਹ ਸਾਨੂੰ ਉਹ ਗੱਲਾਂ ਦਿਖਾਉਂਦਾ ਹੈ, ਜੋ ਉਹ ਸਾਡੇ ਰਾਹੀਂ ਕਰਨਾ ਚਾਹੁੰਦਾ ਹੈ। ਉਹ ਸਾਨੂੰ ਹੋਰ ਵੀ ਵੱਡੀਆਂ ਗੱਲਾਂ ਪ੍ਰਗਟ ਕਰੇਗਾ। ਪਿਤਾ ਸਾਡੇ ਨਾਲ ਪਿਆਰ ਕਰਦਾ ਹੈ ਅਤੇ ਸਾਡੀਆਂ ਪ੍ਰਾਰਥਨਾਵਾਂ ਸੁਣਦਾ ਹੈ। ਸਾਨੂੰ ਵੀ ਯਿਸੂ ਵਾਂਗ ਪਿਤਾ ਦੇ ਆਪਣੇ ਲਈ ਪਿਆਰ ਨੂੰ ਮੰਨਣਾ ਅਤੇ ਕਬੂਲ ਕਰਨਾ ਚਾਹੀਦਾ ਹੈ।

ਮੇਰੇ ਪਿਆਰ ਵਿੱਚ ਬਣੇ ਰਹੋ

ਯੂਹੰਨਾ 15:9,10
9 ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ ਮੇਰੇ ਪ੍ਰੇਮ ਵਿੱਚ ਰਹੋ
10 ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿੱਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ।

ਪ੍ਰਭੂ ਯਿਸੂ ਨੇ ਸਾਨੂੰ ਆਪਣੇ ਪਿਆਰ ਵਿੱਚ ਬਣੇ ਰਹਿਣ ਲਈ ਸੱਦਾ ਦਿੱਤਾ ਹੈ। ਉਸ ਨੇ ਦੱਸਿਆ ਕਿ ਉਹ ਆਪ ਵੀ ਪਿਤਾ ਦੇ ਪਿਆਰ ਵਿੱਚ ਬਣਿਆ ਰਿਹਾ। ਯਿਸੂ ਨੇ ਆਪਣਾ ਧਰਤੀ ਵਾਲਾ ਜੀਵਨ ਪਿਤਾ ਦੇ ਪਿਆਰ ਵਿੱਚ ਰਹਿੰਦੇ ਹੋਏ ਬਿਤਾਇਆ।

ਪਿਤਾ ਦੇ ਪਿਆਰ ਵਿੱਚ ਟਿਕੇ ਹੋਏ ਧਰਤੀ ਉੱਤੇ ਜੀਵਨ ਜਿਵੇਂ ਅਸੀਂ ਪਿਛਲੇ ਅਧਿਆਇ ਵਿੱਚ ਕਿਹਾ ਸੀ, "ਬਣੇ ਰਹਿਣਾ" ਦਾ ਅਰਥ ਹੈ "ਅਰਾਮ ਕਰਨਾ, ਵੱਸਣਾ, ਠਹਿਰਨਾ, ਟਿਕੇ ਰਹਿਣਾ ਅਤੇ ਜਾਰੀ ਰਹਿਣਾ।" ਇਸ ਦਾ ਭਾਵ ਹੈ ਡੂੰਘੀਆਂ ਜੜ੍ਹਾਂ ਵਾਲੇ, ਮਜ਼ਬੂਤੀ ਨਾਲ ਲਗਾਏ ਹੋਏ ਅਤੇ ਸੁਰੱਖਿਅਤ ਤੌਰ 'ਤੇ ਅਧਾਰਿਤ ਹੋਣਾ। ਇਹ ਉਹ ਥਾਂ ਹੈ ਜਿੱਥੇ ਉਸ ਦਾ ਪਿਆਰ ਸਾਡੇ ਮਨ ਨੂੰ ਸ਼ਾਂਤੀ ਦਿੰਦਾ ਹੈ। "ਬਣੇ ਰਹਿਣਾ" ਦਾ ਇਹ ਵੀ ਅਰਥ ਹੈ ਕਿ ਅਸੀਂ ਜਿਸ ਵਿੱਚ ਟਿਕੇ

ਰਹਿੰਦੇ ਹਾਂ, ਉਸ ਤੋਂ ਹੀ ਜੀਵਨ ਪ੍ਰਾਪਤ ਕਰਦੇ ਹਾਂ, ਉਸ ਦੇ ਕਾਰਨ ਜੀਉਂਦੇ ਹਾਂ ਅਤੇ ਉਸ ਦੇ ਰਾਹੀਂ ਜੀਵਨ ਬਿਤਾਉਂਦੇ ਹਾਂ।

ਇਸ ਉਦਾਹਰਣ ਬਾਰੇ ਸੋਚੋ:

ਯੂਹੰਨਾ 6:56,57,63
56 ਜੋ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸੋ ਮੇਰੇ ਵਿੱਚ ਰਹਿੰਦਾ ਹੈ ਅਰ ਮੈਂ ਉਸ ਵਿੱਚ।
57 ਜਿਸ ਤਰ੍ਹਾਂ ਜੀਉਂਦੇ ਪਿਤਾ ਨੇ ਮੈਨੂੰ ਭੇਜਿਆ ਅਤੇ ਮੈਂ ਪਿਤਾ ਦੇ ਕਾਰਨ ਜੀਉਂਦਾ ਹਾਂ ਉਸੇ ਤਰ੍ਹਾਂ ਜਿਹੜਾ ਮੈਨੂੰ ਖਾਂਦਾ ਹੈ ਸੋ ਮੇਰੇ ਕਾਰਨ ਜੀਏਗਾ
63 ਜੀਉਂਦਾਤਾ ਤਾਂ ਆਤਮਾ ਹੈ। ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਓਹ ਆਤਮਾ ਨਾਲ ਹਨ ਅਤੇ ਜੀਉਣ ਹਨ।

“ਜੋ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ” (ਯੂਹੰਨਾ 6:56) ਦਾ ਅਰਥ ਹੈ “ਯਿਸੂ ਤੋਂ ਆਤਮਿਕ ਪੋਸ਼ਣ ਲੈਣਾ।” ਜੋ ਵਿਅਕਤੀ ਯਿਸੂ ਤੋਂ ਆਪਣਾ ਪੋਸ਼ਣ ਲੈਂਦਾ ਹੈ, ਉਹ ਯਿਸੂ ਵਿੱਚ ਬਣਿਆ ਰਹਿੰਦਾ ਹੈ ਅਤੇ ਉਸ ਦੇ ਕਾਰਨ ਜੀਉਂਦਾ ਹੈ। ਯਿਸੂ ਆਪਣੀ ਦੇਹ ਅਤੇ ਲਹੂ ਬਾਰੇ ਕਹਿੰਦੇ ਹੋਏ ਆਤਮਿਕ ਗੱਲਾਂ ਦੀ ਗੱਲ ਕਰ ਰਿਹਾ ਸੀ — ਜੀਵਨ ਦੇਣ ਵਾਲੇ ਆਤਮਾ ਅਤੇ ਜੀਉਂਦੇ ਵਚਨ ਦੀ।

ਇਸ ਲਈ, ਪਿਤਾ ਦੇ ਪਿਆਰ ਵਿੱਚ ਬਣੇ ਰਹਿਣ ਦਾ ਅਰਥ ਹੈ, ਉਸ ਦੇ ਪਿਆਰ ਵਿੱਚ ਵਿਸ਼ਰਾਮ ਕਰਨਾ ਅਤੇ ਉਸ ਦੇ ਪਿਆਰ ਤੋਂ ਜੀਵਨ ਜੀਉਣਾ। ਸਾਨੂੰ ਹਰ ਵੇਲੇ ਪਿਤਾ ਦੇ ਪਿਆਰ ਵਿੱਚ ਬਣੇ ਰਹਿਣਾ ਹੈ — ਅਰਥਾਤ ਉਸ ਦੇ ਪਿਆਰ ਵਿੱਚ ਵੱਸਣਾ ਅਤੇ ਉਸ ਦੇ ਪਿਆਰ ਨਾਲ ਜੀਵਨ ਬਿਤਾਉਣਾ ਹੈ।

ਪਿਤਾ ਦੇ ਪਿਆਰ ਵਿੱਚ ਵਿਸ਼ਰਾਮ ਕਰਨਾ ਅਤੇ ਉਸ ਦੇ ਪਿਆਰ ਤੋਂ ਜੀਵਨ ਜੀਉਣਾ

2 ਕੁਰਿੰਥੀਆਂ 13:14
ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ।

ਪੌਲੁਸ ਦੇ ਬਰਕਤ ਦੇ ਕਲਮੇ ਵਿੱਚ ਇੱਕ ਗੱਲ ਇਹ ਸੀ ਕਿ ਪਰਮੇਸ਼ੁਰ ਦਾ ਪਿਆਰ ਵਿਸ਼ਵਾਸੀਆਂ ਨਾਲ ਬਣਿਆ ਰਹੇ। ਇਸ ਦਾ ਅਰਥ ਇਹ ਹੈ ਕਿ ਪਿਤਾ ਦੇ ਪਿਆਰ ਦਾ ਅਨੁਭਵ ਸਿਰਫ਼ ਇੱਕ ਪਲ ਲਈ ਨਹੀਂ ਹੁੰਦਾ। ਇਹ ਉਸ ਦੇ

ਪਿਆਰ ਦਾ ਲਗਾਤਾਰ ਅਤੇ ਹਰ ਵੇਲੇ ਦਾ ਅਨੁਭਵ ਹੈ। ਸਾਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਪਿਤਾ ਦੇ ਪਿਆਰ ਨੂੰ ਪਛਾਣਦੇ ਅਤੇ ਮਹਿਸੂਸ ਕਰਦੇ ਹੋਏ ਜੀਉਣਾ ਹੈ।

ਅਸੀਂ ਹਰ ਰੋਜ਼ ਇਹ ਜਾਣਦੇ ਹੋਏ ਜੀਵਨ ਬਿਤਾਉਂਦੇ ਹਾਂ ਕਿ ਪਿਤਾ ਨੇ ਸਾਡੇ ਨਾਲ ਬੇਅੰਤ ਅਤੇ ਬਿਨ੍ਹਾਂ ਸ਼ਰਤ ਪਿਆਰ ਕੀਤਾ ਹੈ। ਕਿਉਂਕਿ ਪਿਤਾ ਦਾ ਪਿਆਰ ਸਦਾ ਸਾਡੇ ਨਾਲ ਹੈ, ਸਾਡੇ ਲਈ ਹੈ ਅਤੇ ਸਾਡੇ ਉੱਤੇ ਹੈ, ਇਸ ਲਈ ਅਸੀਂ ਪਿਆਰੇ ਪੁੱਤਰਾਂ ਅਤੇ ਧੀਆਂ ਵਾਂਗ ਜੀ ਸਕਦੇ ਹਾਂ। ਅਸੀਂ ਉਨ੍ਹਾਂ ਲੋਕਾਂ ਵਾਂਗ ਜੀਵਨ ਬਿਤਾਉਂਦੇ ਹਾਂ, ਜੋ ਪਰਮੇਸ਼ੁਰ ਦੇ ਪਿਆਰੇ ਹਨ। ਅਸੀਂ ਉਸ ਦੇ ਪੁੱਤਰਾਂ ਅਤੇ ਧੀਆਂ ਹੋਣ ਦੀ ਪਹਿਚਾਣ ਨਾਲ ਜੀਵਨ ਜੀਉਂਦੇ ਹਾਂ।

ਪਿਤਾ ਦੇ ਪਿਆਰ ਵਿੱਚ (ਸਥਿਰ) ਬਣੇ ਰਹਿਣ ਦਾ ਅਤੇ ਉਸ ਪਿਆਰ ਤੋਂ ਜੀਵਨ ਬਿਤਾਉਣ ਦਾ ਅਰਥ ਕੀ ਹੈ? ਇਹ ਰੋਜ਼ਾਨਾ ਦੇ ਜੀਵਨ ਵਿੱਚ ਕਿਵੇਂ ਦਿਸਦਾ ਹੈ? ਪਿਤਾ ਦੇ ਪਿਆਰ ਵਿੱਚ ਰਹਿਣ ਵਾਲਾ ਵਿਅਕਤੀ ਕਿਵੇਂ ਵਰਤਾਓ ਕਰੇਗਾ ਅਤੇ ਆਪਣੇ ਆਪ ਨੂੰ ਕਿਵੇਂ ਚਲਾਵੇਗਾ ਜਾਂ ਚਲਾਵੇਗੀ?

ਰਸੂਲ ਯੂਹੰਨਾ ਨੇ ਆਪਣੇ ਆਪ ਨੂੰ “ਉਹ ਚੇਲਾ ਕਿਹਾ ਜਿਸ ਨਾਲ ਯਿਸੂ ਪਿਆਰ ਕਰਦਾ ਸੀ” (ਯੂਹੰਨਾ 20:2; ਯੂਹੰਨਾ 21:7,20)। ਉਸ ਨੇ ਪ੍ਰਭੂ ਦੇ ਆਪਣੇ ਲਈ ਪਿਆਰ ਨੂੰ ਨਿੱਜੀ ਤੌਰ ‘ਤੇ ਕਬੂਲ ਅਤੇ ਅਨੁਭਵ ਕੀਤਾ। ਯੂਹੰਨਾ ਨੇ ਆਪਣੀ ਪਹਿਲੀ ਪੱਤਰੀ ਵਿੱਚ ਪਰਮੇਸ਼ੁਰ ਦੇ ਪਿਆਰ ਬਾਰੇ ਬਹੁਤ ਕੁਝ ਲਿਖਿਆ ਹੈ ਅਤੇ ਪਰਮੇਸ਼ੁਰ ਦੇ ਪਿਆਰ ਵਿੱਚ ਬਣੇ ਰਹਿਣ ਦੇ ਵਿਹਾਰਕ ਪੱਖ ਨੂੰ ਸਮਝਾਇਆ ਹੈ। ਇੱਥੇ ਅਸੀਂ ਇਸ ਦਾ ਸਾਰ ਪੰਜ ਸਧਾਰਣ ਗੱਲਾਂ ਵਿੱਚ ਦੇ ਸਕਦੇ ਹਾਂ।

1) ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਾਂ ਉੱਥੇ ਘ੍ਰਿਣਾ ਜਾਂ ਨਫ਼ਰਤ ਲਈ ਕੋਈ ਥਾਂ ਨਹੀਂ ਰਹਿੰਦੀ।

1 ਯੂਹੰਨਾ 2:9-11

9 ਉਹ ਜਿਹੜਾ ਆਖਦਾ ਹੈ ਭਈ ਮੈਂ ਚਾਨਣ ਵਿੱਚ ਹਾਂ ਅਤੇ ਆਪਣੇ ਭਰਾ ਨਾਲ ਵੈਰ ਰੱਖਦਾ ਹੈ ਸੋ ਅਜੇ ਤੀਕ ਅਨ੍ਹੇਰੇ ਵਿੱਚ ਹੀ ਹੈ।

10 ਉਹ ਜਿਹੜਾ ਆਪਣੇ ਭਰਾ ਨਾਲ ਪ੍ਰੇਮ ਰੱਖਦਾ ਹੈ ਸੋ ਚਾਨਣ ਵਿੱਚ ਰਹਿੰਦਾ ਹੈ ਅਤੇ ਉਸ ਵਿੱਚ ਠੋਕਰ ਦਾ ਕਾਰਨ ਨਹੀਂ।

11 ਪਰ ਉਹ ਜਿਹੜਾ ਆਪਣੇ ਭਰਾ ਨਾਲ ਵੈਰ ਰੱਖਦਾ ਹੈ ਸੋ ਅਨ੍ਹੇਰੇ ਵਿੱਚ ਹੈ ਅਤੇ ਅਨ੍ਹੇਰੇ ਵਿੱਚ

ਤੁਰਦਾ ਹੈ ਅਤੇ ਨਹੀਂ ਜਾਣਦਾ ਭਈ ਮੈਂ ਕਿੱਧਰ ਨੂੰ ਚੱਲਿਆ ਜਾਂਦਾ ਹਾਂ ਇਸ ਲਈ ਜੋ ਅਨ੍ਹੇਰੇ ਨੇ ਉਹ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਹਨ!

(1 ਯੂਹੰਨਾ 3:14,15; 1 ਯੂਹੰਨਾ 4:20,21 ਵੀ ਵੇਖੋ)

ਯੂਹੰਨਾ ਆਪਣੀ ਪੱਤਰੀ ਵਿੱਚ ਇਹ ਗੱਲ ਕਈ ਵਾਰ ਦੁਹਰਾਉਂਦਾ ਹੈ। ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਅਤੇ ਉਸ ਪਿਆਰ ਵਿੱਚੋਂ ਜੀਵਨ ਜੀਉਂਦੇ ਹਾਂ, ਤਦ ਅਸੀਂ ਆਪਣੇ ਜੀਵਨ ਵਿੱਚ ਨਫ਼ਰਤ ਨੂੰ ਥਾਂ ਨਹੀਂ ਦਿੰਦੇ। ਅਸੀਂ ਇਨਕਾਰ ਕਰਦੇ ਹਾਂ ਕਿ ਕਿਸੇ ਵੀ ਮਨੁੱਖ ਲਈ ਨਫ਼ਰਤ ਸਾਡੇ ਦਿਲ ਵਿੱਚ ਵੱਸੇ। ਨਫ਼ਰਤ ਬਹੁਤ ਖ਼ਤਰਨਾਕ ਹੈ। ਜੇ ਸਾਡੇ ਦਿਲ ਵਿੱਚ ਕਿਸੇ ਭਰਾ ਲਈ ਨਫ਼ਰਤ ਹੈ, ਤਾਂ ਭਾਵੇਂ ਅਸੀਂ ਕਹੀਏ ਕਿ ਅਸੀਂ ਚਾਨਣ ਵਿੱਚ ਚੱਲ ਰਹੇ ਹਾਂ, ਫਿਰ ਵੀ ਅਸੀਂ ਅਸਲ ਵਿੱਚ ਉਨ੍ਹਾਂ ਵਰਗੇ ਹਾਂ ਜੋ ਅੰਨ੍ਹੇ ਹਨ ਅਤੇ ਹਨੇਰੇ ਵਿੱਚ ਚੱਲ ਰਹੇ ਹਨ। ਅਸੀਂ ਨਹੀਂ ਜਾਣਦੇ ਕਿ ਅਸੀਂ ਕਿੱਥੇ ਜਾ ਰਹੇ ਹਾਂ, ਅਸੀਂ ਟਟੋਲਦੇ ਫਿਰਦੇ ਹਾਂ ਅਤੇ ਠੇਕਰ ਖਾ ਕੇ ਡਿੱਗ ਜਾਂਦੇ ਹਾਂ। (1 ਯੂਹੰਨਾ 2:9-11)

ਅਸੀਂ ਲੋਕਾਂ ਨੂੰ ਸਾਨੂੰ ਦੁੱਖ ਦੇਣ ਤੋਂ ਨਹੀਂ ਰੋਕ ਸਕਦੇ, ਪਰ ਅਸੀਂ ਠੇਕਰ ਖਾਣ ਤੋਂ ਇਨਕਾਰ ਕਰ ਸਕਦੇ ਹਾਂ। ਲੋਕ ਕੁਝ ਅਜਿਹੀਆਂ ਗੱਲਾਂ ਕਹਿਣਗੇ ਜਾਂ ਕਰਨਗੇ ਜੋ ਸਾਨੂੰ ਦੁੱਖ ਦੇਣਗੀਆਂ, ਪਰ ਅਸੀਂ ਉਨ੍ਹਾਂ ਨੂੰ ਛੱਡ ਦੇਣ ਅਤੇ ਉਸ ਚੋਟ ਨੂੰ ਹਰ ਜਗ੍ਹਾ ਆਪਣੇ ਨਾਲ ਨਾ ਲਿਜਾਣ ਦਾ ਫੈਸਲਾ ਕਰ ਸਕਦੇ ਹਾਂ। ਆਮ ਤੌਰ ਤੇ ਠੇਸ ਅਤੇ ਚੋਟ ਨਫ਼ਰਤ ਵਿੱਚ ਬਦਲ ਜਾਂਦੀਆਂ ਹਨ। ਨਫ਼ਰਤ ਸਾਨੂੰ ਅੰਨ੍ਹਾ ਕਰ ਦਿੰਦੀ ਹੈ ਅਤੇ ਹਨੇਰੇ ਵਿੱਚ ਛੱਡ ਦਿੰਦੀ ਹੈ। ਪਰ ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਅਤੇ ਉਸ ਪਿਆਰ ਤੋਂ ਜੀਵਨ ਜੀਉਂਦੇ ਹਾਂ, ਤਾਂ ਠੇਕਰਾਂ ਅਤੇ ਚੋਟਾਂ ਸਾਡੇ ਵਿੱਚ ਥਾਂ ਨਹੀਂ ਲੈਂਦੀਆਂ।

2) ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਦ ਸਤਾਓ ਸਾਨੂੰ ਡਰਾਉਂਦਾ ਨਹੀਂ ਅਤੇ ਪਵਿੱਤਰਤਾ ਸਾਡੇ ਜੀਵਨ ਦਾ ਰਸਤਾ ਬਣਦੀ ਹੈ।

1 ਯੂਹੰਨਾ 3:1-3,13

1 ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ, ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ਅਤੇ ਏਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ।

2 ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪ੍ਰਗਟ ਨਹੀਂ ਹੋਇਆ

ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪ੍ਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ।
3 ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ ਆਪਣੇ ਆਪ ਨੂੰ ਪਵਿੱਤਰ ਕਰਦਾ ਹੈ ਜਿਵੇਂ ਉਹ ਪਵਿੱਤਰ ਹੈ।
13 ਹੇ ਭਰਾਵੋ, ਜੇ ਸੰਸਾਰ ਤੁਹਾਡੇ ਨਾਲ ਵੈਰ ਰੱਖਦਾ ਹੈ ਤਾਂ ਇਹ ਦਾ ਅਚਰਜ ਨਾ ਮੰਨੋ।

ਯੂਹੰਨਾ ਉਸ ਮਹਾਨ ਅਤੇ ਅਦਭੁੱਤ ਪਿਆਰ ਦੀ ਘੋਸ਼ਣਾ ਕਰਦਾ ਹੈ, ਜੋ ਪਰਮੇਸ਼ੁਰ ਦੇ ਦਿਲ ਵਿੱਚ ਸਾਡੇ ਲਈ ਹੈ। ਕਿ ਉਸ ਨੇ ਸਾਨੂੰ ਆਪਣੀ ਸੰਤਾਨ ਬਣਾਇਆ। ਪਰ ਨਾਲ ਹੀ ਕੁਝ ਗੱਲਾਂ ਲਈ ਸਾਨੂੰ ਤਿਆਰ ਰਹਿਣਾ ਹੈ ਕਿਉਂਕਿ ਪਰਮੇਸ਼ੁਰ ਨੇ ਸਾਡੇ ਨਾਲ ਇੰਨਾ ਪਿਆਰ ਕੀਤਾ ਹੈ...

- ਸੰਸਾਰ ਸਾਨੂੰ ਨਹੀਂ ਪਛਾਣੇਗਾ ਅਤੇ ਸਾਡੇ ਨਾਲ ਵੈਰ ਕਰ ਸਕਦਾ ਹੈ।
- ਅਸੀਂ ਆਪਣੇ ਆਪ ਨੂੰ ਪਵਿੱਤਰ ਕਰਦੇ ਹਾਂ, ਜਿਵੇਂ ਉਹ ਪਵਿੱਤਰ ਹੈ।

ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਅਤੇ ਉਸ ਵਿੱਚੋਂ ਜੀਵਨ ਜੀਉਂਦੇ ਹਾਂ, ਤਦ ਅਸੀਂ ਇਸ ਗੱਲ ਤੋਂ ਨਹੀਂ ਡਰਦੇ ਕਿ ਸੰਸਾਰ ਸਾਨੂੰ ਪਰਮੇਸ਼ੁਰ ਦੀ ਸੰਤਾਨ ਵਜੋਂ ਨਹੀਂ ਪਛਾਣਦਾ। ਅਸੀਂ ਇਸ ਗੱਲ ਤੋਂ ਵੀ ਨਹੀਂ ਡਰਦੇ ਕਿ ਸੰਸਾਰ ਸਾਡੇ ਨਾਲ ਵੈਰ ਕਰ ਸਕਦਾ ਹੈ ਸਾਨੂੰ ਸਤਾਅ ਸਕਦਾ ਹੈ।

ਸਾਡੇ ਕੋਲ ਇਹ ਅਦਭੁੱਤ ਆਸ ਹੈ ਕਿ ਕਿਉਂਕਿ ਅਸੀਂ ਉਸ ਦੀ ਸੰਤਾਨ ਹਾਂ, ਇਸ ਲਈ ਜਦੋਂ ਪ੍ਰਭੂ ਪ੍ਰਗਟ ਹੋਵੇਗਾ, ਅਸੀਂ ਵੀ ਉਸ ਵਰਗੇ ਹੋ ਜਾਵਾਂਗੇ। ਇਸ ਆਸ ਕਰਕੇ ਅਸੀਂ ਆਪਣੇ ਜੀਵਨ ਨੂੰ ਪਵਿੱਤਰ ਕਰਨ ਦਾ ਫੈਸਲਾ ਕਰਦੇ ਹਾਂ। ਇਸ ਲਈ ਪਵਿੱਤਰਤਾ ਸਾਡੇ ਜੀਵਨ ਦੀ ਰੀਤ ਬਣ ਜਾਂਦੀ ਹੈ। ਉਸ ਦਾ ਪਿਆਰ ਸਾਨੂੰ ਪਵਿੱਤਰਤਾਈ ਵੱਲ ਖਿੱਚਦਾ ਹੈ ਅਤੇ ਹਰ ਉਸ ਗੱਲ ਤੋਂ ਦੂਰ ਕਰਦਾ ਹੈ, ਜੋ ਪਿਤਾ ਨੂੰ ਪ੍ਰਸੰਨ ਨਹੀਂ ਕਰਦੀ।

3) ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਦ ਅਸੀਂ ਤਿਆਗ ਕਰਦੇ ਅਤੇ ਵੰਡਦੇ ਹਾਂ

1 ਯੂਹੰਨਾ 3:16-18
16 ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ।
17 ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ

ਓਸ ਉੱਤੇ ਤਰਸ ਨਾ ਖਾਵੇ ਤਾਂ ਉਹ ਦੇ ਵਿੱਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ?
18 ਹੇ ਬੱਚਿਓ, ਅਸੀਂ ਗੱਲੀਂ ਅਤੇ ਜ਼ੁਬਾਨੀ ਨਹੀਂ ਸਗੋਂ ਕਰਨੀ ਅਤੇ ਸੱਚਿਆਈ ਤੋਂ ਪ੍ਰੇਮ ਕਰੀਏ।

ਇਸ ਲਈ ਕਿ ਯਿਸੂ ਨੇ ਸਾਡੇ ਲਈ ਆਪਣੀ ਜਾਨ ਦਿੱਤੀ, ਅਸੀਂ ਪਿਤਾ ਦੇ ਪਿਆਰ ਨੂੰ ਸਮਝਦੇ, ਅਨੁਭਵ ਕਰਦੇ ਅਤੇ ਜਾਣਦੇ ਹਾਂ। ਫਿਰ ਇਹ ਪਿਆਰ ਸਾਨੂੰ ਵੀ ਦੂਜਿਆਂ ਲਈ ਆਪਣਾ ਜੀਵਨ ਦੇਣ ਲਈ ਪ੍ਰੇਰਿਤ ਕਰਦਾ ਹੈ। ਅਸੀਂ ਦੂਜਿਆਂ ਦੇ ਭਲੇ ਲਈ ਤਿਆਗ ਕਰਦੇ ਹਾਂ। ਇਹ "ਕਰਨੀ ਅਤੇ ਸਚਿਆਈ" (1 ਯੂਹੰਨਾ 3:18) ਵਿੱਚ ਪ੍ਰਗਟ ਹੁੰਦਾ ਹੈ, ਜਦੋਂ ਅਸੀਂ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿੰਦੇ ਅਤੇ ਸਾਂਝਾ ਕਰਦੇ ਹਾਂ।

ਰਸੂਲ ਪੌਲੁਸ ਨੇ ਆਪਣੀ ਸੇਵਕਾਈ ਬਾਰੇ ਦੱਸਦੇ ਹੋਏ ਇਨ੍ਹਾਂ ਸ਼ਬਦਾਂ ਨੂੰ ਕਿਹਾ:

2 ਕੁਰਿੰਥੀਆਂ 5:14,15
14 ਮਸੀਹ ਦਾ ਪ੍ਰੇਮ ਸਾਨੂੰ ਮਜ਼ਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ।
15 ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀਅ ਉੱਠਿਆ।

ਅਸੀਂ ਪਰਮੇਸ਼ੁਰ ਦੇ ਪਿਆਰ ਨਾਲ ਪ੍ਰੇਰਿਤ, ਉਤਸ਼ਾਹਿਤ ਅਤੇ ਮਜ਼ਬੂਰ ਹੁੰਦੇ ਹਾਂ। ਅਸੀਂ ਯਿਸੂ ਮਸੀਹ ਦੇ ਉਦਾਹਰਣ ਨੂੰ ਵੇਖਦੇ ਹਾਂ। ਉਸ ਨੇ ਸਾਡੇ ਲਈ ਆਪਣਾ ਜੀਵਨ ਦੇ ਦਿੱਤਾ। ਇਸ ਲਈ ਹੁਣ ਅਸੀਂ ਆਪਣੇ ਲਈ ਨਹੀਂ, ਪਰ ਯਿਸੂ ਲਈ ਜੀਉਂਦੇ ਹਾਂ।

ਯੂਹੰਨਾ 15:12,13
12 ਮੇਰਾ ਹੁਕਮ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ।
13 ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ।

ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਆਪਣੇ ਜੀਵਨ ਦਾ ਤਿਆਗ ਕਰਨਾ ਹੈ। ਯਿਸੂ ਨੇ ਇਹ ਦਿਖਾਇਆ। ਉਸ ਨੇ ਸਲੀਬ ਉੱਤੇ ਆਪਣਾ ਜੀਵਨ ਦੇ ਦਿੱਤਾ। ਵਿਹਾਰਕ ਤੌਰ ਤੇ, ਸਾਡੇ ਵਿੱਚੋਂ ਕੁਝ ਲੋਕਾਂ ਨੂੰ ਆਪਣੀ ਜਾਨ ਵੀ ਦੇਣੀ ਪੈ ਸਕਦੀ ਹੈ, ਪਰ ਬਹੁਤਿਆਂ ਲਈ ਇਸ ਦਾ ਅਰਥ ਆਪਣੀਆਂ ਚੀਜ਼ਾਂ, ਮੌਕਿਆਂ ਅਤੇ ਹੱਕਾਂ ਦਾ ਤਿਆਗ ਕਰਨਾ ਹੋ ਸਕਦਾ ਹੈ ਤਾਂ ਜੋ ਦੂਜਿਆਂ ਨੂੰ

ਲਾਭ ਮਿਲੇ।

4) ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਦ ਅਸੀਂ ਪਿਆਰ ਵਿੱਚ ਚੱਲਦੇ ਹਾਂ

1 ਯੂਹੰਨਾ 4:7-12

7 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ ਪ੍ਰੇਮ ਪਰਮੇਸ਼ੁਰ ਤੋਂ ਹੈ ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ ਅਤੇ ਪਰਮੇਸ਼ੁਰ ਨੂੰ ਜਾਣਦਾ ਹੈ।

8 ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।

9 ਪਰਮੇਸ਼ੁਰ ਦਾ ਪ੍ਰੇਮ ਸਾਡੇ ਵਿੱਚ ਇਸ ਤੋਂ ਪ੍ਰਗਟ ਹੋਇਆ ਜੋ ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤ੍ਰ ਨੂੰ ਸੰਸਾਰ ਵਿੱਚ ਘੱਲਿਆ ਭਈ ਅਸੀਂ ਉਹ ਦੇ ਰਾਹੀਂ ਜੀਵੀਏ।

10 ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪ੍ਰਾਸਚਿੱਤ ਹੋਵੇ।

11 ਹੇ ਪਿਆਰਿਓ, ਜਦੋਂ ਪਰਮੇਸ਼ੁਰ ਨੇ ਸਾਡੇ ਨਾਲ ਇਸ ਪ੍ਰਕਾਰ ਪ੍ਰੇਮ ਕੀਤਾ ਤਾਂ ਚਾਹੀਦਾ ਹੈ ਜੋ ਅਸੀਂ ਵੀ ਇੱਕ ਦੂਏ ਨਾਲ ਪ੍ਰੇਮ ਕਰੀਏ।

12 ਪਰਮੇਸ਼ੁਰ ਨੂੰ ਕਿਸੇ ਨੇ ਕਦੇ ਨਹੀਂ ਡਿੱਠਾ। ਜੇ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖਦੇ ਹਾਂ ਤਾਂ ਪਰਮੇਸ਼ੁਰ ਸਾਡੇ ਵਿੱਚ ਰਹਿੰਦਾ ਹੈ ਅਤੇ ਉਹ ਦਾ ਪ੍ਰੇਮ ਸਾਡੇ ਵਿੱਚ ਸੰਪੂਰਨ ਕੀਤਾ ਹੋਇਆ ਹੈ।

ਅਸੀਂ ਪਤਿਾ ਦੇ ਪਆਿਰ ਦਾ ਚੋਖਾ ਅਨੁਭਵ ਕੀਤਾ ਹੈ, ਇਸ ਲਈ ਅਸੀਂ ਦੂਜਆਿਂ ਨਾਲ ਪਆਿਰ ਕੀਤੇ ਬਨਿ੍ਹਾਂ ਨਹੀਂ ਰਹ ਿਸਕਦੇ। ਪਆਿਰ ਵਚਿ ਚੱਲਣ ਦਾ ਕੀ ਅਰਥ ਹੈ ਉਸ ਦਾ ਇੱਕ ਉੱਤਮ ਵਰਨਣ ਸਾਨੂੰ 1 ਕੁਰਥਿੀਆਂ 13:4-8 ਵਚਿ ਮਲਿਦਾ ਹੈ: *“ਪ੍ਰੇਮ ਧੀਰਜਵਾਨ ਅਤੇ ਕਰਿਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ ਕੁਚੱਜਆਿ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚੜ੍ਹਿਦਾ ਨਹੀਂ, ਬੁਰਾ ਨਹੀਂ ਮੰਨਦਾ ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਆਿਈ ਨਾਲ ਅਨੰਦ ਹੁੰਦਾ ਹੈ ਸਭ ਕੁੱਝ ਝੱਲ ਲੈਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁੱਝ ਸਹ ਿਲੈਦਾ ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਣਿਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ”* ਅਸੀਂ ਚੁਣਦੇ ਹਾਂ ਕ ਿਲੋਕਾਂ ਨਾਲ ਪਰਮੇਸ਼ੁਰ ਦੇ ਪਆਿਰ ਨਾਲ ਵਤੀਰਾ ਕਰੀਏ।

ਅਸੀਂ ਪਿਤਾ ਦੇ ਪਿਆਰ ਤੋਂ ਸਮਰੱਥਾ ਪਾਈ ਹੈ ਕਿ ਅਸੀਂ ਉਸ ਦੇ ਪਿਆਰ ਵਿੱਚ ਚੱਲੀਏ। ਜਦੋਂ ਅਸੀਂ ਇੱਕ ਦੂਜੇ ਨਾਲ ਪਿਆਰ ਕਰਦੇ ਹਾਂ, ਤਦ ਉਸ ਦਾ ਪਿਆਰ-ਸਾਡੇ ਵਿੱਚ ਸੰਪੂਰਨ ਹੋ ਜਾਂਦਾ ਹੈ, ਅਰਥਾਤ ਆਪਣੇ ਪੂਰੇ ਉਦੇਸ਼ ਤੱਕ ਪਹੁੰਚ ਜਾਂਦਾ ਹੈ। ਜਦੋਂ ਅਸੀਂ ਪਿਆਰ ਵਿੱਚ ਚੱਲਦੇ ਹਾਂ, ਤਦ ਉਸ ਦਾ ਪਿਆਰ ਸਾਡੇ ਵਿੱਚ ਅਤੇ ਸਾਡੇ ਰਾਹੀਂ ਆਪਣਾ ਉਦੇਸ਼ ਪੂਰਾ ਕਰਦਾ ਹੈ। ਇਹ ਆਪ ਪਰਮੇਸ਼ੁਰ ਹੈ, ਜੋ ਸਾਡੇ ਵਿੱਚ ਵੱਸਦਾ ਹੈ।

5) ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਦ ਅਸੀਂ ਆਪਣੀ ਆਤਮਿਕ ਪਹਿਚਾਣ ਨੂੰ ਜਾਣਦੇ ਹਾਂ, ਡਰ ਤੋਂ ਅਜ਼ਾਦ ਰਹਿੰਦੇ ਹਾਂ ਅਤੇ ਉਸ ਨੂੰ ਪਿਆਰ ਕਰਨ ਲਈ ਸੁਤੰਤਰ ਹੁੰਦੇ ਹਾਂ।

1 ਯੂਹੰਨਾ 4:17-19

17 ਪ੍ਰੇਮ ਸਾਡੇ ਵਿੱਚ ਇਸ ਤੋਂ ਸੰਪੂਰਨ ਹੋਇਆ ਹੈ ਭਈ ਨਿਆਉਂ ਦੇ ਦਿਨ ਸਾਨੂੰ ਦਲੇਰੀ ਹੋਵੇ ਕਿਉਂਕਿ ਜਿਵੇਂ ਉਹ ਹੈ ਤਿਵੇਂ ਅਸੀਂ ਵੀ ਇਸ ਸੰਸਾਰ ਵਿੱਚ ਹਾਂ।

18 ਪ੍ਰੇਮ ਵਿੱਚ ਧੜਕਾ ਨਹੀਂ ਸਗੋਂ ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ ਕਿਉਂ ਜੋ ਧੜਕੇ ਵਿੱਚ ਸਜ਼ਾ ਹੈ ਅਤੇ ਉਹ ਜੋ ਧੜਕਦਾ ਹੈ ਸੋ ਪ੍ਰੇਮ ਵਿੱਚ ਸੰਪੂਰਨ ਨਹੀਂ ਹੋਇਆ ਹੈ।

19 ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।

ਜਦੋਂ ਪਰਮੇਸ਼ੁਰ ਦਾ ਪਿਆਰ ਸਾਡੇ ਵਿੱਚ ਸੰਪੂਰਨ ਹੋ ਜਾਂਦਾ ਹੈ, ਅਰਥਾਤ ਅਸੀਂ ਉਸ ਥਾਂ 'ਤੇ ਪਹੁੰਚ ਜਾਂਦੇ ਹਾਂ ਜਿੱਥੇ ਅਸੀਂ ਉਸ ਦੇ ਪਿਆਰ ਨੂੰ ਕਬੂਲ ਕਰ ਲਿਆ ਹੈ ਅਤੇ ਉਸ ਨੂੰ ਸਾਡੇ ਵਿੱਚ ਆਪਣਾ ਪੂਰਾ ਕੰਮ ਕਰਨ ਦੀ ਆਗਿਆ ਦਿੰਦੇ ਹਾਂ...

- ਸਾਨੂੰ ਪਰਮੇਸ਼ੁਰ ਦੇ ਕੋਲ ਹੌਂਸਲਾ ਹੁੰਦਾ ਹੈ ਅਤੇ ਅਸੀਂ ਨਿਆਂ ਦੇ ਡਰ ਵਿੱਚ ਨਹੀਂ ਜੀਉਂਦੇ।
- ਅਸੀਂ ਜਾਣਦੇ ਹਾਂ ਕਿ ਆਤਮਿਕ ਰੂਪ ਵਿੱਚ ਅਸੀਂ ਕੌਣ ਹਾਂ (1 ਯੂਹੰਨਾ 4:17)— ਜਿਵੇਂ ਯਿਸੂ ਹੈ, ਤਿਵੇਂ ਅਸੀਂ ਵੀ ਹਾਂ — ਅਤੇ ਅਸੀਂ ਇਸ ਸੰਸਾਰ ਵਿੱਚ ਇਸੇ ਸਚਿਆਈ ਨਾਲ ਜੀਉਂਦੇ ਹਾਂ।
- ਸਾਡੇ ਲਈ ਉਸ ਦੇ ਪਿਆਰ ਦੇ ਕਾਰਨ ਸਾਡੇ ਦਿਲ ਉਸ ਦੇ ਲਈ ਪਿਆਰ ਨਾਲ ਭਰ ਜਾਂਦੇ ਹਨ।

ਸੰਖੇਪ ਵਿੱਚ, ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਅਰਾਮ ਕਰਦੇ ਹਾਂ ਅਤੇ

ਉਸ ਦੇ ਪਿਆਰ ਤੋਂ ਜੀਉਂਦੇ ਹਾਂ, ਤਦ...

1) ਦੂਜਿਆਂ ਲਈ ਨਫ਼ਰਤ ਦੀ ਸਾਡੇ ਵਿੱਚ ਕੋਈ ਥਾਂ ਨਹੀਂ ਰਹਿੰਦੀ।

2) ਸਤਾਓ ਸਾਨੂੰ ਡਰਾਉਂਦਾ ਨਹੀਂ।

3) ਪਵਿੱਤਰਤਾਈ ਸਾਡੇ ਜੀਵਨ ਦੀ ਰੀਤ ਬਣ ਜਾਂਦੀ ਹੈ।

4) ਅਸੀਂ ਦੂਜਿਆਂ ਲਈ ਤਿਆਗ ਕਰਦੇ ਅਤੇ ਸਾਂਝਾ ਦੂਜਿਆਂ ਨਾਲ ਸਭ ਕੁਝ ਕਰਦੇ ਹਾਂ।

5) ਅਸੀਂ ਪਰਮੇਸ਼ੁਰ ਵਰਗੇ ਪਿਆਰ ਵਿੱਚ ਚੱਲਦੇ ਹਾਂ।

6) ਅਸੀਂ ਆਪਣੀ ਆਤਮਿਕ ਪਹਿਚਾਣ ਨੂੰ ਜਾਣਦੇ ਹਾਂ — ਜਿਵੇਂ ਯਿਸੂ ਹੈ, ਤਿਵੇਂ ਅਸੀਂ ਵੀ (1 ਯੂਹੰਨਾ 4:17) ਹਾਂ — ਅਤੇ ਇਸੇ ਸਚਿਆਈ ਨਾਲ ਸੰਸਾਰ ਵਿੱਚ ਜੀਉਂਦੇ ਹਾਂ।

7) ਅਸੀਂ ਪਰਮੇਸ਼ੁਰ ਦੇ ਸਾਹਮਣੇ ਸਜ਼ਾ ਅਤੇ ਨਿਆਂ ਦੇ ਡਰ ਤੋਂ ਮੁਕਤ ਹਾਂ।

8) ਕਿਉਂਕਿ ਉਸ ਨੇ ਪਹਿਲਾਂ ਸਾਡੇ ਨਾਲ ਪਿਆਰ ਕੀਤਾ, ਇਸ ਲਈ ਅਸੀਂ ਉਸ ਨਾਲ ਪਿਆਰ ਕਰਦੇ ਹਾਂ।

ਆਓ ਇਸ ਗੱਲ ਨੂੰ ਕਬੂਲ ਕਰੀਏ ਅਤੇ ਘੋਸ਼ਣਾ ਕਰੀਏ:

ਮੈਂ ਆਪਣੇ ਲਈ ਪਿਤਾ ਦੇ ਪਿਆਰ ਵਿੱਚ ਬਣਿਆ ਰਹਿੰਦਾ ਹਾਂ। ਮੈਂ ਪਿਤਾ ਦੇ ਪਿਆਰ ਵਿੱਚ ਵਿਸ਼ਰਾਮ ਕਰਦਾ ਹਾਂ ਅਤੇ ਉਸ ਤੋਂ ਜੀਵਨ ਲੈਂਦਾ ਹਾਂ। ਨਫ਼ਰਤ ਲਈ ਮੇਰੇ ਦਿਲ ਵਿੱਚ ਕੋਈ ਥਾਂ ਨਹੀਂ ਹੈ। ਜੇ ਸੰਸਾਰ ਮੈਨੂੰ ਨਾ ਜਾਣੇ ਜਾਂ ਮੈਨੂੰ ਸਤਾਵੇ ਵੀ, ਤਦ ਵੀ ਮੈਂ ਨਹੀਂ ਡਰਦਾ। ਪਵਿੱਤਰਤਾਈ ਮੇਰੇ ਜੀਵਨ ਦੀ ਰੀਤ ਹੈ। ਜਿਵੇਂ ਉਹ ਪਵਿੱਤਰ ਹੈ, ਤਿਵੇਂ ਮੈਂ ਆਪਣੇ ਆਪ ਨੂੰ ਪਵਿੱਤਰ ਰੱਖਦਾ ਹਾਂ। ਮੈਂ ਤਿਆਗ ਕਰਦਾ ਹਾਂ ਅਤੇ ਪਰਮੇਸ਼ੁਰ ਨੇ ਮੈਨੂੰ ਜਿਨ੍ਹਾਂ ਚੀਜ਼ਾਂ ਦੀ ਬਰਕਤ ਦਿੱਤੀ ਹੈ, ਉਹ ਮੈਂ ਖੁੱਲ੍ਹੇ ਦਿਲ ਨਾਲ ਦਿੰਦਾ ਅਤੇ ਸਾਂਝੀਆਂ ਕਰਦਾ ਹਾਂ। ਮੈਂ ਲੋਕਾਂ ਨਾਲ ਪਿਆਰ ਵਿੱਚ ਚੱਲਦਾ ਹਾਂ। ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਨੇ ਆਪਣੇ ਪਿਆਰ ਦੇ ਕਾਰਨ ਮੈਨੂੰ ਕੀ ਬਣਾਇਆ ਹੈ। ਜਿਵੇਂ ਯਿਸੂ ਹੈ, ਤਿਵੇਂ ਮੈਂ ਵੀ ਹਾਂ — ਪਰਮੇਸ਼ੁਰ ਦਾ ਵਾਰਸ ਅਤੇ ਮਸੀਹ ਨਾਲ ਸਾਂਝਾ ਵਾਰਸ। ਮੈਂ ਹਰ ਕਿਸਮ ਦੇ

ਦੋਸ਼, ਸ਼ਰਮਿੰਦਗੀ ਅਤੇ ਦੋਸ਼ਭਾਵ ਤੋਂ ਮੁਕਤ ਹਾਂ। ਮੈਂ ਆਪਣੇ ਸਵਰਗੀ ਪਿਤਾ ਨਾਲ ਪਿਆਰ ਕਰਨ ਲਈ ਅਜ਼ਾਦ ਹਾਂ। ਮੈਂ ਉਸ ਨਾਲ ਪਿਆਰ ਕਰਦਾ ਹਾਂ ਕਿਉਂਕਿ ਪਹਿਲਾਂ ਉਸ ਨੇ ਮੇਰੇ ਨਾਲ ਪਿਆਰ ਕੀਤਾ।

ਆਗਿਆਕਾਰੀ — ਪਿਤਾ ਦੇ ਪਿਆਰ ਵਿੱਚ ਬਣੇ ਰਹਿਣ ਦੀ ਕੁੰਜੀ

ਯਿਸੂ ਪਿਤਾ ਪ੍ਰਤੀ ਆਗਿਆਕਾਰੀ ਵਿੱਚ ਚੱਲਿਆ...

ਯੂਹੰਨਾ 8:29
ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।

ਯੂਹੰਨਾ 14:31
ਪਰ ਇਸ ਲਈ ਜੋ ਜਗਤ ਨੂੰ ਮਲੂਮ ਹੋਵੇ ਭਈ ਮੈਂ ਪਿਤਾ ਨਾਲ ਪਿਆਰ ਕਰਦਾ ਹਾਂ, ਤਾਂ ਜਿਵੇਂ ਪਿਤਾ ਨੇ ਮੈਨੂੰ ਆਗਿਆ ਦਿੱਤੀ ਹੈ ਮੈਂ ਤਿਵੇਂ ਕਰਦਾ ਹਾਂ। ਉੱਠੋ, ਐਥੋਂ ਚੱਲੀਏ।

ਯੂਹੰਨਾ 15:9,10
9 ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ ਮੇਰੇ ਪ੍ਰੇਮ ਵਿੱਚ ਰਹੋ।
10 ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿੱਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ।

... ਅਤੇ ਸਾਨੂੰ ਵੀ ਐਸਾ ਹੀ ਹੋਣਾ ਹੈ।

ਯੂਹੰਨਾ 14:15,21,23,24
15 ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ।
21 ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪ੍ਰਗਟ ਕਰਾਂਗਾ।
23 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਜੇ ਕੋਈ ਮੈਨੂੰ ਪਿਆਰ ਕਰਦਾ ਹੈ, ਉਹ ਮੇਰੇ ਵਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ।
24 ਜਿਹੜਾ ਮੈਨੂੰ ਪਿਆਰ ਨਹੀਂ ਕਰਦਾ ਉਹ ਮੇਰੇ ਵਚਨਾਂ ਦੀ ਪਾਲਨਾ ਨਹੀਂ ਕਰਦਾ ਅਤੇ ਇਹ ਬਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ।

ਯੂਹੰਨਾ 15:9,10
9 ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ

ਮੇਰੇ ਪ੍ਰੇਮ ਵਿੱਚ ਰਹੋ।
10 ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿੱਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ।

1 ਯੂਹੰਨਾ 2:5,6
5 ਪਰ ਜੇ ਕੋਈ ਉਹ ਦੇ ਵਚਨ ਦੀ ਪਾਲਨਾ ਕਰਦਾ ਹੋਵੇ ਓਸ ਵਿੱਚ ਪਰਮੇਸ਼ੁਰ ਦਾ ਪ੍ਰੇਮ ਸੱਚੀਂ ਮੁੱਚੀ ਸੰਪੂਰਨ ਕੀਤਾ ਹੋਇਆ ਹੈ। ਇਸ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿੱਚ ਹਾਂ
6 ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ।

ਇਨ੍ਹਾਂ ਸਾਰੇ ਵਚਨਾਂ ਤੋਂ ਅਸੀਂ ਵੇਖਦੇ ਹਾਂ ਕਿ ਪ੍ਰਭੂ ਯਿਸੂ ਨੇ ਆਪਣੇ ਜੀਵਨ ਅਤੇ ਸਿੱਖਿਆ ਰਾਹੀਂ ਇਹ ਦੱਸਿਆ ਕਿ ਪਿਤਾ ਦੇ ਪਿਆਰ ਵਿੱਚ ਬਣੇ ਰਹਿਣ ਲਈ ਅਸੀਂ ਉਸ ਦੇ ਵਚਨ ਦੀ ਆਗਿਆਕਾਰੀ ਵਿੱਚ ਚੱਲਣਾ ਹੈ। ਜਦੋਂ ਅਸੀਂ ਇਹ ਕਰਦੇ ਹਾਂ, ਤਦ ਪਰਮੇਸ਼ੁਰ ਦਾ ਪਿਆਰ ਸਾਡੇ ਵਿੱਚ ਸੰਪੂਰਨ ਹੁੰਦਾ ਹੈ। ਪਰਮੇਸ਼ੁਰ ਦੀ ਆਗਿਆ ਮੰਨਣਾ ਇਸ ਲਈ ਮਹੱਤਵਪੂਰਨ ਹੈ ਤਾਂ ਜੋ ਅਸੀਂ ਪਿਤਾ ਦੇ ਪਿਆਰ ਵਿੱਚ ਅਰਾਮ ਕਰ ਸਕੀਏ ਅਤੇ ਉਸ ਪਿਆਰ ਤੋਂ ਜੀਵਨ ਜੀ ਸਕੀਏ।

ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ, ਤਦ ਅਸੀਂ ਉਸ ਦੇ ਵਚਨ ਨੂੰ ਮੰਨਦੇ ਹਾਂ ਅਤੇ ਓਸੇ ਤਰ੍ਹਾਂ ਚੱਲਦੇ ਹਾਂ ਜਿਵੇਂ ਉਹ ਚੱਲਿਆ।

ਪਿਤਾ ਪ੍ਰਤੀ ਆਗਿਆਕਾਰੀ ਦਾ ਅਰਥ ਹੈ ਜੋਤ ਵਿੱਚ ਚੱਲਣਾ, ਜਿਵੇਂ ਉਹ ਜੋਤ ਵਿੱਚ ਹੈ। ਇਸ ਤਰ੍ਹਾਂ ਉਸ ਦੇ ਨਾਲ ਸਾਂਝ ਅਤੇ ਨੇੜਤਾ ਸੰਭਵ ਹੁੰਦੀ ਹੈ। ਇਹ ਸਾਂਝ ਸਾਨੂੰ ਹਰ ਰੋਜ਼ ਉਸ ਦੇ ਪਿਆਰ ਵਿੱਚ ਬਣੇ ਰਹਿਣ ਦੀ ਸਮਰੱਥਾ ਦਿੰਦੀ ਹੈ।

1 ਯੂਹੰਨਾ 1:6,7
6 ਜੇ ਅਸੀਂ ਆਖੀਏ ਭਈ ਸਾਡੀ ਉਹ ਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿੱਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ।
7 ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ।

ਆਗਿਆਕਾਰੀ ਨਾਲ ਅਸੀਂ ਪਿਤਾ ਦਾ ਪਿਆਰ ਨਹੀਂ ਕਮਾਉਂਦੇ। ਉਸ ਨੇ ਪਹਿਲਾਂ ਹੀ ਸਾਡੇ ਨਾਲ ਬੇਅੰਤ ਅਤੇ ਬਿਨ੍ਹਾਂ ਸ਼ਰਤ ਪਿਆਰ ਕੀਤਾ ਹੈ।

ਆਗਿਆਕਾਰੀ ਤੁਸੀਂ ਇਸ ਲਈ ਕਰਦੇ ਹੋ ਕਿਉਂਕਿ ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ। ਤੁਸੀਂ ਇਹ ਪਿਆਰ ਕਰਕੇ ਕਰਦੇ ਹੋ।

ਆਗਿਆਕਾਰੀ ਸਾਨੂੰ ਉਸ ਦੇ ਨਾਲ ਨੇੜਲੀ ਸਾਂਝ ਵਿੱਚ ਰੱਖਦੀ ਹੈ ਅਤੇ ਇਸ ਤਰ੍ਹਾਂ ਸਾਨੂੰ ਪਿਤਾ ਦੇ ਪਿਆਰ ਵਿੱਚ ਬਣੇ ਰਹਿਣ, ਅਰਾਮ ਕਰਨ, ਉਸ ਤੋਂ ਜੀਵਨ ਪਾਉਣ ਅਤੇ ਉਸ ਵਿੱਚ ਹੋ ਕੇ ਜੀਵਨ ਗੁਜ਼ਾਰਣ ਦੀ ਸਮਰੱਥ ਦਿੰਦੀ ਹੈ।

ਪ੍ਰਤੀਬਿੰਬ



1) ਸਾਡੇ ਲਈ ਆਪਣੇ ਸਵਰਗੀ ਪਿਤਾ ਦੇ ਪਿਆਰ ਨੂੰ ਕਬੂਲ ਕਰਨਾ ਅਤੇ ਉਸ ਦੀ ਪੁਸ਼ਟੀ ਕਰਨਾ ਕਿਉਂ ਜ਼ਰੂਰੀ ਹੈ?

2) ਅਸੀਂ ਉਹ ਅੱਠ ਨਤੀਜ਼ੇ ਵੇਖੇ ਹਨ, ਜੋ ਉਸ ਵੇਲੇ ਆਉਂਦੇ ਹਨ ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਅਤੇ ਉਸ ਤੋਂ ਜੀਵਨ ਜੀਉਂਦੇ ਹਾਂ:

(i) ਦੂਜਿਆਂ ਲਈ ਨਫ਼ਰਤ ਦੀ ਸਾਡੇ ਵਿੱਚ ਕੋਈ ਥਾਂ ਨਹੀਂ ਰਹਿੰਦੀ।

(ii) ਸਤਾਓ ਸਾਨੂੰ ਡਰਾਉਂਦਾ ਨਹੀਂ।

(iii) ਸ਼ੁੱਧਤਾ ਸਾਡੇ ਜੀਵਨ ਦਾ ਰਾਹ ਬਣ ਜਾਂਦੀ ਹੈ।

(iv) ਅਸੀਂ ਤਿਆਗ ਕਰਦੇ ਹਾਂ ਅਤੇ ਦੂਜਿਆਂ ਨਾਲ ਸਭ ਕੁਝ ਸਾਂਝਾ ਕਰਦੇ ਹਾਂ।

(v) ਅਸੀਂ ਪਿਆਰ ਵਿੱਚ ਚੱਲਦੇ ਹਾਂ।

(vi) ਅਸੀਂ ਆਪਣੀ ਆਤਮਿਕ ਪਹਿਚਾਣ ਨੂੰ ਜਾਣਦੇ ਹਾਂ — ਜਿਵੇਂ ਯਿਸੂ ਹੈ, ਤਿਵੇਂ ਅਸੀਂ ਵੀ ਹਾਂ (1 ਯੂਹੰਨਾ 4:17) — ਅਤੇ ਅਸੀਂ ਇਸੇ ਸਚਿਆਈ ਵਿੱਚ ਜੀਵਨ ਬਿਤਾਉਂਦੇ ਹਾਂ।

(vii) ਅਸੀਂ ਪਰਮੇਸ਼ੁਰ ਦੇ ਸਾਹਮਣੇ ਦੋਸ਼ ਅਤੇ ਨਿਆਂ ਦੇ ਡਰ ਤੋਂ ਅਜ਼ਾਦ ਹਾਂ।

(viii) ਅਸੀਂ ਉਸ ਨਾਲ ਪਿਆਰ ਕਰਦੇ ਹਾਂ ਕਿਉਂਕਿ ਉਸ ਨੇ ਪਹਿਲਾਂ ਸਾਡੇ ਨਾਲ ਪਿਆਰ ਕੀਤਾ।

ਇਨ੍ਹਾਂ ਅੱਠ ਖੇਤਰਾਂ ਵਿੱਚੋਂ ਹਰ ਇੱਕ ਵਿੱਚ ਤੁਸੀਂ ਕਿਵੇਂ ਚੱਲ ਰਹੇ ਹੋ? (ਇਸ ਗੱਲ ਲਈ ਪ੍ਰਾਰਥਨਾ ਕਰਨ ਅਤੇ ਪਰਮੇਸ਼ੁਰ ਦੇ ਸਾਹਮਣੇ ਇਹ ਮੰਨਣ ਲਈ ਕੁਝ ਸਮਾਂ ਬਿਤਾਓ ਕਿ ਪਿਤਾ ਦੇ ਪਿਆਰ ਦੇ ਕਾਰਨ ਤੁਸੀਂ ਇਹ ਸਭ ਕਰਨ ਦੇ ਯੋਗ ਹੋ।

3) ਆਗਿਆਕਾਰੀ ਵਿੱਚ ਚੱਲਣਾ ਪਿਤਾ ਦੇ ਪਿਆਰ ਵਿੱਚ ਚੱਲਣ ਨਾਲ ਕਿਵੇਂ ਜੁੜਿਆ ਹੋਇਆ ਹੈ?

6

ਪਿਆਰ ਜੋ ਅਨੁਸ਼ਾਸ਼ਿਤ ਕਰਦਾ ਹੈ

ਪਿਤਾ ਦੇ ਪਿਆਰ ਵਿੱਚ ਬਣੇ ਰਹਿਣ ਦਾ ਇੱਕ ਮਹੱਤਵਪੂਰਨ ਪੱਖ ਉਸ ਦੀ ਪਿਆਰ ਭਰੀ ਸਿੱਖਿਆ ਅਤੇ ਤਾੜਨਾ ਨਾਲ ਸੰਬੰਧਤ ਹੈ। ਜਦੋਂ ਅਸੀਂ ਸਮਝ ਲੈਂਦੇ ਹਾਂ ਕਿ ਪਿਤਾ ਸਾਨੂੰ ਕਿਉਂ ਤਾੜਨਾ ਦਿੰਦਾ ਹੈ ਅਤੇ ਉਸ ਦਾ ਦਿਲ ਸਾਡੇ ਤਾੜਨ ਦੇ ਪਿੱਛੇ ਹੈ, ਤਾਂ ਅਸੀਂ ਸਹੀ ਪ੍ਰਤੀਕਿਰਿਆ ਦੇ ਸਕਦੇ ਹਾਂ। ਪਰਮੇਸ਼ੁਰ ਦੀ ਪਿਆਰ ਭਰੀ ਤਾੜਨਾ ਕੋਈ ਅਜਿਹੀ ਗੱਲ ਨਹੀਂ ਹੈ ਜਿਸ ਤੋਂ ਡਰਿਆ ਜਾਂ ਭੱਜਿਆ ਜਾਵੇ। ਸਾਨੂੰ ਆਪਣੇ ਪਿਤਾ ਦੇ ਪਿਆਰ ਭਰੇ ਸੁਧਾਰ ਦਾ ਸਵਾਗਤ ਕਰਨਾ ਹੈ, ਕਿਉਂਕਿ ਇਹ ਸਾਡੇ ਭਲੇ ਲਈ ਹੈ।

ਜਿਸ ਨਾਲ ਪਿਤਾ ਪਿਆਰ ਕਰਦਾ ਹੈ, ਉਸ ਨੂੰ ਤਾੜਨਾ ਵੀ ਦਿੰਦਾ ਹੈ

ਇਬਰਾਨੀਆਂ 12:4-13

4 ਤੁਸੀਂ ਪਾਪ ਨਾਲ ਲੜਦੇ ਹੋਏ ਅਜੇ ਲਹੂ ਦੇ ਵਹਾਏ ਜਾਣ ਤੀਕੁਰ ਸਾਹਮਣਾ ਨਹੀਂ ਕੀਤਾ।
5 ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਜਿਸ ਤੋਂ ਤੁਹਾਨੂੰ ਪੁੱਤ੍ਰਾਂ ਵਾਂਙੁ ਸਮਝਾਈਦਾ ਹੈ, - ਹੇ ਮੇਰੇ ਪੁੱਤ੍ਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ।
6 ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ ਅਤੇ ਹਰੇਕ ਪੁੱਤ੍ਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ।
7 ਤੁਸੀਂ ਸਹਾਰਾ ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤ੍ਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤ੍ਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ।?
8 ਪਰ ਜੇ ਤੁਸੀਂ ਉਸ ਤਾੜਨਾ ਬਿਨ੍ਹਾਂ ਰਹੇ ਜਿਹ ਦੇ ਵਿੱਚ ਸੱਭੇ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤ੍ਰ ਨਹੀਂ ਸਗੋਂ ਹਰਾਮ ਦੇ ਹੋ!
9 ਫੇਰ ਸਾਡੇ ਸਰੀਰਿਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ ?
10 ਓਹ ਤਾਂ ਥੋੜ੍ਹੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ।
11 ਸਾਰੀ ਤਾੜਨਾ ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ ਧਰਮ ਦਾ ਸ਼ਾਂਤੀ ਦਾਇਕ ਫਲ ਦਿੰਦੀ ਹੈ।
12 ਇਸ ਲਈ ਢਿੱਲਿਆਂ ਹੱਥਾਂ ਅਤੇ ਭਿੜਦਿਆਂ ਗੋਡਿਆਂ ਨੂੰ ਸਿੱਧਿਆਂ ਕਰੋ।

13 ਅਤੇ ਆਪਣੇ ਪੈਰਾਂ ਲਈ ਸਿੱਧੇ ਰਾਹ ਬਣਾਓ ਭਈ ਜਿਹੜਾ ਲੰਙਾ ਹੋਵੇ ਉਹ ਜੋੜੋਂ ਨਾ ਉੱਖੜੇ ਸਗੋਂ ਚੰਗਾ ਹੋ ਜਾਵੇ।

"ਤਾੜਨਾ ਦੇਣਾ," "ਝਿੜਕਣਾ," ਅਤੇ "ਕੋਰੜੇ ਮਾਰਨਾ" ਇਹ ਸ਼ਬਦ ਕਠੋਰ ਅਤੇ ਰੁੱਖੇ ਲੱਗਦੇ ਹਨ। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਤਾੜਨਾ ਦੇਣਾ" ਕੀਤਾ ਗਿਆ ਹੈ, ਉਹ ਸ਼ਬਦ ਹੈ (*ਪੇਡੀਓ*) "ਪੇਡੀਓ" ਜਿਸ ਦਾ ਅਰਥ ਹੈ "ਬੱਚੇ ਨੂੰ ਸਿਖਾਉਣਾ, ਪਾਲਣ-ਪੋਸ਼ਣ, ਸਿੱਖਿਆ ਦੇਣਾ, ਸਿਖਲਾਈ ਦੇਣਾ ਅਤੇ ਅਨੁਸ਼ਾਸਿਤ ਕਰਨਾ।" ਇਹ ਸਾਰਾ ਕੁੱਝ ਬੱਚੇ ਦੇ ਪਾਲਣ-ਪੋਸ਼ਣ ਦਾ ਹਿੱਸਾ ਹੈ। "ਤਾੜਨਾ ਦੇਣਾ" ਲਈ ਇਹੀ ਸ਼ਬਦ (ਯੂਨਾਨੀ *'ਪੇਡੀਆ'*) ਅਫ਼ਸੀਆਂ 6:4 ਵਿੱਚ ਵਰਤਿਆ ਗਿਆ ਹੈ ਜਿੱਥੇ ਪਿਤਾ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਬੱਚਿਆਂ ਦਾ ਪ੍ਰਭੂ ਦੀ ਸਿੱਖਿਆ ਵਿੱਚ ਪਾਲਣ-ਪੋਸ਼ਣ ਕਰਨ। "ਝਿੜਕਣ" ਲਈ ਯੂਨਾਨੀ ਸ਼ਬਦ ਹੈ *'ਇਲੇਗਚੋ'* ਦਾ ਅਰਥ ਹੈ ਦੋਸ਼ ਦਿਖਾਉਣਾ, ਸਮਝਾਉਣਾ, ਗ਼ਲਤੀ ਬਾਰੇ ਦੱਸਣਾ ਅਤੇ ਸਹੀ ਰਾਹ ਵੱਲ ਲੈ ਜਾਣਾ, ਇਸੇ ਸ਼ਬਦ ਦੀ ਵਰਤੋਂ ਯੂਹੰਨਾ 16:8 ਵਿੱਚ ਪਵਿੱਤਰ ਆਤਮਾ ਦੇ ਵਿਸ਼ੇ ਵਿੱਚ ਕੀਤੀ ਗਈ ਹੈ ਕਿ ਉਹ ਸੰਸਾਰ ਨੂੰ ਪਾਪ ਅਤੇ ਧਾਰਮਿਕਤਾ ਅਤੇ ਨਿਆਂ ਬਾਰੇ ਸਮਝਾਉਂਦਾ ਹੈ। "ਕੋਰੜੇ ਲਗਾਉਣਾ" ਲਈ ਯੂਨਾਨੀ ਸ਼ਬਦ ਹੈ *'ਮਸਤੀਗੂ'* ਜਿਸ ਦਾ ਅਰਥ ਹੈ "ਮਾਰਨਾ ਜਾਂ ਸਜ਼ਾ ਦੇਣਾ।" ਇਨ੍ਹਾਂ ਸ਼ਬਦਾਂ ਦੀ ਵਰਤੋਂ ਪਿਤਾ ਦੁਆਰਾ ਉਸ ਦੇ ਬੱਚਿਆਂ ਨੂੰ ਅਨੁਸ਼ਾਸਿਤ ਕਰਨ ਦੇ ਸੰਦਰਭ ਵਿੱਚ ਕੀਤੀ ਗਈ ਹੈ ਅਤੇ ਇਸ ਲਈ ਉਸੇ ਸੰਦਰਭ ਵਿੱਚ ਉਸ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। ਇਸ ਲਈ, ਪ੍ਰਭੂ ਦੀ ਤਾੜਨਾ ਦਾ ਅਰਥ ਹੈ

(A) *ਪੇਡੀਓ* – ਪਿਤਾ ਵੱਲੋਂ ਆਪਣੇ ਬੱਚਿਆਂ ਨੂੰ ਪਿਆਰ ਨਾਲ ਸਿੱਖਿਆ ਦੇਣਾ, ਪਾਲਣ-ਪੋਸ਼ਣ ਕਰਨਾ, ਸਿਖਲਾਈ ਦੇਣਾ ਅਤੇ ਤਿਆਰ ਕਰਨਾ।

(B) *ਮਸਤੀਗੂ* – ਪਿਤਾ ਵੱਲੋਂ ਪਿਆਰ ਨਾਲ ਆਪਣੇ ਬੱਚਿਆਂ ਨੂੰ ਦੱਸਣਾ ਕਿ ਕੀ ਗਲਤ ਹੈ ਅਤੇ ਉਨ੍ਹਾਂ ਨੂੰ ਸਹੀ ਰਾਹ ਦਿਖਾਉਣਾ।

(C) *ਇਲੈਂਗਚੋ* – ਪਿਤਾ ਵੱਲੋਂ ਆਪਣੇ ਬੱਚਿਆਂ ਨੂੰ ਆਗਿਆਕਾਰੀ ਬਣਾਉਣ ਲਈ ਪਿਆਰ ਨਾਲ ਅਨੁਸ਼ਾਸਿਤ ਕਰਨਾ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਵੀ ਇਹ ਗੱਲ ਆਸਾਨੀ ਨਾਲ ਦੇਖ ਸਕਦੇ ਹਾਂ। ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਆਮ ਤੌਰ 'ਤੇ ਸਿੱਖਿਆ, ਸਮਝਾਉਣਾ, ਪਾਲਣਾ-ਪੋਸਣਾ ਅਤੇ ਸਿਖਲਾਈ ਹੀ ਵਰਤੀ ਜਾਂਦੀ ਹੈ। ਸਖ਼ਤ (ਤਾੜਨਾ ਜਾਂ ਸਜ਼ਾ) ਦਾ ਸਹਾਰਾ ਤਦ ਹੀ ਲਿਆ

ਜਾਂਦਾ ਹੈ ਜਦੋਂ ਬੱਚਾ ਆਮ ਸਿੱਖਿਆ ਅਤੇ ਹਦਾਇਤਾਂ ਨੂੰ ਕਬੂਲ ਨਹੀਂ ਕਰਦਾ ਜਾਂ ਉਨ੍ਹਾਂ ਦੀ ਉਲੰਘਣਾ ਕਰਦਾ ਹੈ।

ਪਿਆਰ, ਸਿੱਖਿਆ ਅਤੇ ਸੁਧਾਰ ਪਿਤਾ ਅਤੇ ਬਾਲਕ ਦੇ ਰਿਸ਼ਤੇ ਵਿੱਚ ਆਮ ਗੱਲ ਹੈ (ਇਬਰਾਨੀਆਂ 12:7)। ਇਹ ਸਾਡਾ ਸਵਰਗੀ ਪਿਤਾ ਪਰਮੇਸ਼ੁਰ ਹੈ ਜੋ ਸਾਡੇ ਨਾਲ ਉਸ ਦੇ ਪੁੱਤਰਾਂ ਅਤੇ ਧੀਆਂ ਦੇ ਵਾਂਗ ਵਰਤਾਓ ਕਰਦਾ ਹੈ। ਉਸ ਦੀ ਤਾੜਨਾ ਅਤੇ ਅਨੁਸ਼ਾਸਨ ਸਾਡੇ ਪ੍ਰਤੀ ਉਸ ਦੇ ਪ੍ਰੇਮ ਦਾ ਪ੍ਰਗਟਾਵਾ ਹੈ।

ਸਾਡਾ ਸਵਰਗੀ ਪਿਤਾ ਸਾਡੇ ਪ੍ਰਤੀ ਉਸ ਦੇ ਪਿਆਰ ਦੇ ਕਾਰਨ ਅਤੇ ਸਾਡੀ ਭਲਾਈ ਲਈ ਸਾਨੂੰ ਸੁਧਾਰਦਾ ਅਤੇ ਅਨੁਸ਼ਾਸਿਤ ਕਰਦਾ ਹੈ। ਅਜਿਹਾ ਉਹ ਸਾਡੇ ਲਾਭ ਅਤੇ ਫਾਇਦੇ ਲਈ ਕਰਦਾ ਹੈ (ਇਬਰਾਨੀਆਂ 12:10)। ਉਹ ਅਜਿਹਾ ਇਸ ਲਈ ਕਰਦਾ ਹੈ ਤਾਂ ਜੋ ਉਹ ਸਾਨੂੰ ਉਸ ਸਥਾਨ ਤੋਂ ਜਿੱਥੇ ਅਸੀਂ ਹਾਂ ਉਠਾ ਕੇ ਉੱਥੇ ਲੈ ਚੱਲੇ ਜਿੱਥੇ ਉਹ ਚਾਹੁੰਦਾ ਹੈ ਕਿ ਅਸੀਂ ਰਹੀਏ।

ਜਦੋਂ ਪਰਮੇਸ਼ੁਰ ਸਾਨੂੰ ਤਾੜਨਾ ਦਿੰਦਾ ਹੈ, ਤਦ ਉਹ ਅਜਿਹਾ ਸਾਨੂੰ ਨਾਸ ਕਰਨ ਲਈ, ਸਾਨੂੰ ਨੀਵਾਂ ਦਿਖਾਉਣ ਲਈ, ਸਾਨੂੰ ਘੱਟ ਲਈ ਡਿਗਾਉਣ ਲਈ ਨਹੀਂ ਕਰਦਾ। ਉਸ ਦੀ ਪਿਆਰ ਭਰੀ ਤਾੜਨਾ ਜਾਂ ਸੁਧਾਰ ਸਾਨੂੰ ਹਮੇਸ਼ਾ ਉੱਚਾ ਚੁੱਕਣ ਲਈ ਹੁੰਦਾ ਹੈ ਅਤੇ ਸਾਨੂੰ ਇਸ ਪ੍ਰਕਾਰ ਦੇ ਲੋਕ ਬਣਨ ਵਿੱਚ ਮਦਦ ਕਰਦਾ ਹੈ ਜਿਵੇਂ ਸਾਨੂੰ ਬਣਨਾ ਚਾਹੀਦਾ ਸੀ। ਉਸ ਦੀ ਤਾੜਨਾ ਪ੍ਰਤਿਸ਼ਠਾ, ਕਬੂਲ ਕਰਨ ਅਤੇ ਕਿਰਪਾ ਵਿੱਚ ਆਉਂਦੀ ਹੈ।

ਪਿਤਾ ਦੇ ਪ੍ਰੇਮ ਦਾ ਇਹ ਪੱਖ ਅਸਥਾਈ ਰੂਪ ਨਾਲ ਦੁਖਦਾਇਕ ਹੋ ਸਕਦਾ ਹੈ (ਇਬਰਾਨੀਆਂ 12:11)।

ਤਾੜਨਾ ਜਾਂ ਸੁਧਾਰ ਤਦ ਜ਼ਰੂਰੀ ਹੋ ਜਾਂਦਾ ਹੈ ਜਦੋਂ ਅਸੀਂ ਆਗਿਆਕਾਰੀ ਦੇ ਸਥਾਨ ਤੋਂ ਬਾਹਰ ਕਦਮ ਚੁੱਕਦੇ ਹਾਂ, ਸ਼ਾਬਦਿਕ ਤੌਰ 'ਤੇ, ਜਦੋਂ ਅਸੀਂ ਉਸ ਦੇ ਪਿਆਰ ਵਿੱਚ ਵਿਸ਼ਰਾਮ ਕਰਨ ਅਤੇ ਪਿਆਰ ਨਾਲ ਜੀਉਣ ਦੇ ਸਥਾਨ ਤੋਂ ਬਾਹਰ ਕਦਮ ਕੱਢਦੇ ਹਾਂ।

ਤਾੜਨਾ ਪਰਮੇਸ਼ੁਰ ਦੁਆਰਾ ਸਾਨੂੰ ਉਸ ਦੇ ਵਚਨ ਨਾਲ, ਉਸ ਦੀ ਇੱਛਾ ਨਾਲ ਅਤੇ ਉਸ ਦੇ ਮਾਰਗਾਂ ਨਾਲ ਜੋੜਨਾ ਹੈ। ਉਹ ਸਾਨੂੰ ਵਾਪਸ ਉਸ ਸਥਾਨ ਵਿੱਚ ਲਿਆ ਰਿਹਾ ਹੈ, ਉਸ ਦੇ ਪਿਆਰ ਵਿੱਚ ਬਣੇ ਰਹਿਣ ਦੇ ਸਥਾਨ ਵਿੱਚ

ਲਿਆ ਰਿਹਾ ਹੈ। ਉਹ ਸਾਨੂੰ ਵਾਪਸ ਉਸ ਦੇ ਪਿਆਰ ਵਿੱਚ ਵਿਸ਼ਰਾਮ ਕਰਨ ਅਤੇ ਉਸ ਪ੍ਰੇਮ ਨਾਲ ਜੀਉਣ ਦੇ ਸਥਾਨ ਵਿੱਚ ਖਿੱਚ ਰਿਹਾ ਹੈ।

ਤਾੜਨਾ ਦੇ ਪ੍ਰਤੀ ਸਹੀ ਪ੍ਰਤੀਕਿਰਿਆ ਹੈ, ਸਾਡੇ ਸਵਰਗੀ ਪਿਤਾ ਦੀ ਸ਼ਰਨ ਵਿੱਚ ਆਉਣਾ ਅਤੇ ਉਸ ਨੂੰ ਸਮਰਪਿਤ ਹੋਣ ਦੇ ਦੁਆਰਾ ਆਗਿਆ ਮੰਨਣਾ (ਇਬਰਾਨੀਆਂ 12:9)। ਇਸੇ ਸਮੇਂ ਅਸੀਂ ਇਹ ਕਹਿਣਾ ਸਿੱਖਦੇ ਹਾਂ *"ਮੇਰੀ ਨਹੀਂ, ਪਰੰਤੂ ਤੇਰੀ ਇੱਛਾ ਪੂਰੀ ਹੋਵੇ।"*

ਪਰਮੇਸ਼ੁਰ ਸਾਨੂੰ ਉਸ ਦੇ ਵਚਨ ਦੇ ਦੁਆਰਾ, ਉਸ ਦੇ ਆਤਮਾ ਦੇ ਦੁਆਰਾ, ਹੋਰ ਲੋਕਾਂ ਦੇ ਦੁਆਰਾ ਅਤੇ ਕਦੇ-ਕਦੇ ਹਾਲਾਤਾਂ ਦੇ ਦੁਆਰਾ ਸੁਧਾਰਦਾ ਹੈ। ਉਹ ਆਪਣੇ ਵਚਨਾਂ ਦੇ ਦੁਆਰਾ ਸਾਡੇ ਨਾਲ ਗੱਲ ਕਰਦਾ ਹੈ ਅਤੇ ਨਿਰਦੇਸ਼, ਸਿੱਖਿਆ ਅਤੇ ਸੁਧਾਰ ਲਿਆਉਂਦਾ ਹੈ (2 ਤਿਮੋਥਿਉਸ 3:16,17)। ਪਰਮੇਸ਼ੁਰ ਦਾ ਆਤਮਾ ਸਾਰੀ ਸਚਿਆਈ ਵੱਲ ਸਾਡੀ ਅਗਵਾਈ ਅਤੇ ਮਾਰਗਦਰਸ਼ਨ ਕਰਦਾ ਹੈ, ਜੋ ਇਹ ਵੀ ਦੱਸਦਾ ਹੈ ਕਿ ਉਹ ਸਾਨੂੰ ਭੁੱਲ ਤੋਂ ਬਚਾਉਂਦਾ ਹੈ ਅਤੇ ਸਾਨੂੰ ਸੁਧਾਰਦਾ ਹੈ (ਯੂਹੰਨਾ 16:13)। ਪਰਮੇਸ਼ੁਰ ਹੋਰ ਲੋਕਾਂ ਦੇ ਦੁਆਰਾ ਆਪਣੀ ਮਰਜ਼ੀ ਸਾਡੇ ਦਿਲਾਂ ਵਿੱਚ ਹੋਰ ਲੋਕਾਂ ਰਾਹੀਂ ਵੀ ਪਾਉਂਦਾ ਹੈ, ਧਰਮੀ ਲੋਕਾਂ ਦੇ ਦੁਆਰਾ ਜਿਨ੍ਹਾਂ ਨੂੰ ਸਾਨੂੰ ਪ੍ਰਭਾਵਿਤ ਕਰਨ ਲਈ ਸਾਡੇ ਜੀਵਨਾਂ ਵਿੱਚ ਰੱਖਿਆ ਗਿਆ ਹੈ। ਅਸੀਂ ਪਰਮੇਸ਼ੁਰ ਦਾ ਪਾਲਣ-ਪੋਸ਼ਣ, ਸਿੱਖਿਆ ਅਤੇ ਸੁਧਾਰ ਨੂੰ ਇਨ੍ਹਾਂ ਸਾਰਿਆਂ ਤਿੰਨਾਂ ਮਾਧਿਅਮਾਂ ਤੋਂ ਕਬੂਲ ਕਰਨ ਲਈ ਤਿਆਰ ਰਹਿਣਾ ਹੈ। ਅਜਿਹਾ ਸਮਾਂ ਆਉਂਦਾ ਹੈ ਜਦੋਂ ਪਰਮੇਸ਼ੁਰ ਸਾਨੂੰ ਉਨ੍ਹਾਂ ਹਾਲਾਤਾਂ ਦੇ ਦੁਆਰਾ ਪਿਆਰ ਨਾਲ ਅਨੁਸ਼ਾਸਿਤ ਕਰੇਗਾ ਜਿਨ੍ਹਾਂ ਨੂੰ ਉਸ ਨੇ ਸਾਡੇ ਲਈ ਤਿਆਰ ਕੀਤਾ ਹੈ। (ਟਿੱਪਣੀ ਅਸੀਂ ਹਾਲਾਤਾਂ ਦੇ ਮਾਧਿਅਮ ਨਾਲ "ਕਦੇ-ਕਦੇ" ਇਸ ਲਈ ਕਹਿੰਦੇ ਹਾਂ, ਕਿਉਂਕਿ ਕੁਝ ਹਾਲਾਤ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਦੁਸ਼ਮਣ ਸ਼ੈਤਾਨ ਸਾਡੀ ਵੱਲ ਸੁੱਟਦਾ ਹੈ ਜਿਨ੍ਹਾਂ 'ਤੇ ਸਾਨੂੰ ਪ੍ਰਭੂਤਾ ਕਰਨ ਅਤੇ ਜਿੱਤ ਪ੍ਰਾਪਤ ਕਰਨ ਦੀ ਲੋੜ ਹੈ। ਉਸ ਤੋਂ ਬਾਅਦ, ਕੁਝ ਅਜਿਹੇ ਹਾਲਾਤ ਹਨ ਜੋ ਸਾਡੇ ਆਪਣੇ ਕੰਮਾਂ ਦਾ ਨਤੀਜ਼ਾ ਹਨ ਜਿਨ੍ਹਾਂ ਲਈ ਸਾਨੂੰ ਜ਼ਿੰਮੇਵਾਰੀ ਕਬੂਲ ਕਰਨ ਦੀ ਅਤੇ ਲੋੜ ਅਨੁਸਾਰ ਬਦਲਾਅ ਲਿਆਉਣ ਦੀ ਲੋੜ ਹੈ।)

ਪਰਮੇਸ਼ੁਰ ਦੀ ਪਿਆਰ ਰੂਪੀ ਤਾੜਨਾ ਦੇ ਪ੍ਰਤੀ ਸਾਡੀ ਪ੍ਰਤੀਕਿਰਿਆ ਤਰੱਕੀ, ਪਰਿਪੱਕਤਾ ਅਤੇ ਪਵਿੱਤਰਤਾਈ ਦੇ ਅਗਲੇ ਪੱਧਰ ਤੱਕ ਕਿੰਨੀ ਤਰੱਕੀ ਕਰਦੇ ਹਾਂ, ਇਹ ਉਸ ਦੇ ਪਿਆਰ ਵਿੱਚ ਬਣੇ ਰਹਿਣ ਅਤੇ ਸਾਡੇ ਜੀਵਨ ਦੀ

ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਅੱਗੇ ਵਧਣ ਲਈ ਮਹੱਤਵਪੂਰਣ ਹੈ।

ਰੋਜ਼ਾਨਾ ਜੋ ਉੱਤਮ ਕੰਮ ਅਸੀਂ ਕਰ ਸਕਦੇ ਹਾਂ, ਉਹ ਹੈ ਪਰਮੇਸ਼ੁਰ ਵੱਲ ਉੱਪਰ ਵੇਖਣਾ ਅਤੇ ਉਸ ਤੋਂ ਬੇਨਤੀ ਕਰਨਾ ਕਿ ਉਹ ਸਾਨੂੰ ਆਪਣੇ ਆਪ ਨਾਲ ਜੋੜੇ - ਜੇ ਅਜਿਹਾ ਕੁਝ ਹੈ ਜਿਸ ਨੇ ਸਾਨੂੰ ਆਗਿਆਕਾਰੀ ਤੋਂ ਹਟਾ ਦਿੱਤਾ ਹੈ।

ਤੁਸੀਂ ਆਪ ਹੀ ਆਪਣੇ ਰਾਖੇ ਬਣ ਸਕਦੇ ਹੋ। ਆਪਣੇ ਦਿਲ, ਤੁਹਾਡੇ ਆਪਣੇ ਵਿਚਾਰਾਂ ਅਤੇ ਤੁਹਾਡੇ ਆਪਣੇ ਕੰਮਾਂ ਦਾ ਧਿਆਨ ਰੱਖੋ। ਉਸ ਦੇ ਪਿਆਰ ਵਿੱਚ ਬਣੇ ਰਹੋ। ਯਾਦ ਰੱਖੋ ਕਿ ਉਸ ਦੀ ਸਮਰੱਥ ਬਣਾਉਣ ਵਾਲੀ ਕਿਰਪਾ ਅਤੇ ਉਸ ਦੇ ਪਵਿੱਤਰ ਆਤਮਾ ਦੀ ਮਜ਼ਬੂਤ ਕਰਨ ਵਾਲੀ ਸੰਗਤ ਤੁਹਾਡੇ ਨਾਲ ਹਮੇਸ਼ਾ ਹੈ ਤਾਂ ਜੋ ਤੁਹਾਨੂੰ ਉਸ ਦੇ ਪਿਆਰ ਵਿੱਚ ਬਣੇ ਰਹਿਣ ਦੀ ਯੋਗਤਾ ਪ੍ਰਦਾਨ ਕਰਦੀ ਹੈ (2 ਕੁਰਿੰਥੀਆਂ 13:14)। ਜਿਸ ਪਲ ਅਸੀਂ ਆਪਣੇ ਆਪ ਨੂੰ ਆਗਿਆਕਾਰੀ ਦੇ ਸਥਾਨ ਤੋਂ ਬਾਹਰ ਨਿਕਲਦੇ ਹੋਏ ਵੇਖਦੇ ਹਾਂ, ਪਿਤਾ ਦੇ ਪਿਆਰ ਵਿੱਚ ਬਣੇ ਰਹਿਣ ਵਾਲੀ ਥਾਂ ਤੋਂ ਥੋੜ੍ਹਾ ਜਿਹਾ ਵੀ ਦੂਰ ਜਾ ਰਹੇ ਹਾਂ, ਸਾਨੂੰ ਸੰਭਲਣਾ ਚਾਹੀਦਾ ਹੈ ਅਤੇ ਮੁੜ ਉਸ ਦੇ ਪਿਆਰ ਵਿੱਚ ਬਣੇ ਰਹਿਣ ਵਾਲੀ ਥਾਂ ਤੇ ਵਾਪਿਸ ਆ ਜਾਣਾ ਚਾਹੀਦਾ ਹੈ।

ਜੀਵਨ ਵਿੱਚ, ਕਈ ਵਾਰ ਅਜਿਹੇ ਹਾਲਾਤ ਆਉਂਦੇ ਹਨ ਜਦੋਂ ਸਾਨੂੰ ਸਖ਼ਤੀ ਅਤੇ ਅਨੁਸ਼ਾਸਨ ਨਾਲ ਕੰਮ ਲੈਣਾ ਪੈਂਦਾ ਹੈ। ਉਦਾਹਰਣ ਦੇ ਲਈ, ਮਾਪੇ ਹੋਣ ਦੇ ਨਾਤੇ, ਕਲਾਸਰੂਮ ਵਿੱਚ ਅਧਿਆਪਕ ਵਜੋਂ ਜਾਂ ਕਰਮਚਾਰੀਆਂ ਦੀ ਦੇਖਭਾਲ ਕਰਨ ਵਾਲੇ ਇੱਕ ਪੇਸ਼ੇਵਰ ਵਜੋਂ, ਕਈ ਵਾਰ ਸਾਨੂੰ ਲੋਕਾਂ ਦਾ ਸਾਹਮਣਾ ਕਰਨਾ, ਉਨ੍ਹਾਂ ਨੂੰ ਸੁਧਾਰਨਾ, ਗਲਤੀਆਂ ਦੱਸਣੀਆਂ ਅਤੇ ਉਹ ਕੰਮ ਕਰਵਾਉਣਾ ਪੈਂਦਾ ਹੈ ਜੋ ਲਾਜ਼ਮੀ ਜਾਂ ਜਿਸ ਦੀ ਉਮੀਦ ਕੀਤੀ ਜਾਂਦੀ ਹੈ। ਅਜਿਹੇ ਮੁਸ਼ਕਿਲ ਹਾਲਾਤਾਂ ਵਿੱਚ ਵੀ ਅਸੀਂ ਇੱਕ ਜ਼ਿੰਮੇਵਾਰ ਆਗੂ ਦੀ ਸਖ਼ਤੀ ਨਾਲ, ਪਰ ਨਾਲ ਹੀ ਪਿਤਾ ਦੇ ਪਿਆਰ ਦੇ ਅਧੀਨ ਰਹਿ ਕੇ ਕੰਮ ਕਰਦੇ ਹਾਂ। ਪਰਮੇਸ਼ੁਰ ਦਾ ਆਤਮਾ ਸਾਨੂੰ ਸਮਰੱਥ ਬਣਾਉਂਦਾ ਹੈ ਕਿ ਅਸੀਂ ਸੁਧਾਰ ਅਤੇ ਅਨੁਸ਼ਾਸਨ ਲਾਗੂ ਕਰਦੇ ਹੋਏ ਵੀ ਪਰਮੇਸ਼ੁਰ ਦੇ ਬਿਨ੍ਹਾਂ ਸ਼ਰਤ ਵਾਲੇ ਪਿਆਰ ਨਾਲ ਇਨ੍ਹਾਂ ਹਾਲਾਤਾਂ ਨੂੰ ਸੰਭਾਲ ਸਕੀਏ। ਇਹ ਵੀ ਪਿਤਾ ਦੇ ਪਿਆਰ ਦਾ ਇੱਕ ਪ੍ਰਗਟਾਵਾ ਹੈ।

ਪਿਤਾ ਦੀ ਪਿਆਰ-ਭਰੀ ਤਾੜਨਾ ਬਾਰੇ ਗ਼ਲਤ ਧਾਰਨਾਵਾਂ

ਅਕਸਰ, ਲੋਕ ਪਿਤਾ ਪਰਮੇਸ਼ੁਰ ਦੀ ਪਿਆਰ-ਭਰੀ ਤਾੜਨਾ ਅਤੇ ਸੁਧਾਰ

ਬਾਰੇ ਗ਼ਲਤ ਧਾਰਨਾਵਾਂ ਰੱਖਦੇ ਹਨ। ਉਹ ਬਿਮਾਰੀ, ਮੁਸੀਬਤਾਂ, ਹਾਦਸੇ, ਅਸਫਲਤਾਵਾਂ, ਦੁੱਖਦਾਈ ਘਟਨਾਵਾਂ, ਗਰੀਬੀ ਆਦਿ ਨੂੰ ਪਰਮੇਸ਼ੁਰ ਦੀ ਤਾੜਨਾ, ਸਿੱਖਿਆ ਜਾਂ ਸੁਧਾਰ ਸਮਝ ਲੈਂਦੇ ਹਨ। ਪਰ ਸਰੀਰਕ ਮਾਤਾ-ਪਿਤਾ, ਭਾਵੇਂ ਅਸੀਂ ਕਿੰਨੇ ਵੀ ਅਪੂਰਨ ਹਾਂ, ਆਪਣੇ ਬੱਚਿਆਂ ਨਾਲ ਇਸ ਤਰ੍ਹਾਂ ਨਹੀਂ ਕਰਦੇ। ਕਿਹੜੇ ਮਾਤਾ-ਪਿਤਾ ਆਪਣੇ ਬੱਚੇ ਨੂੰ ਸਿਖਾਉਣ, ਸੁਧਾਰਣ ਜਾਂ ਉਸ ਦਾ ਵਿਕਾਸ ਕਰਨ ਲਈ ਉਸ ਨੂੰ ਬਿਮਾਰੀ, ਹਾਦਸੇ ਜਾਂ ਦੁੱਖਾਂ ਵਿੱਚ ਪਾਏਗਾ ਤਾਂ ਜੋ ਉਹ ਚੰਗਾ ਚਰਿੱਤਰਵਾਨ ਜਾਂ ਪਰਿਪੱਕ ਹੋ ਜਾਵੇ ਕੋਈ ਵੀ ਨਹੀਂ! ਫਿਰ ਇਹ ਕਿੰਨੀ ਅਸੰਗਤ ਅਤੇ ਤਰਕਹੀਣ ਗੱਲ ਹੈ ਕਿ ਅਸੀਂ (ਬਿਮਾਰੀ, ਮੁਸੀਬਤਾਂ, ਹਾਦਸਿਆਂ, ਅਸਫਲਤਾਵਾਂ, ਦੁੱਖਦਾਈ ਘਟਨਾਵਾਂ ਜਾਂ ਗਰੀਬੀ ਆਦਿ) ਨੂੰ ਇੱਕ ਅਨੰਤ ਪਿਆਰ ਕਰਨ ਵਾਲੇ ਸਵਰਗੀ ਪਿਤਾ ਦੀ ਤਾੜਨਾ ਮੰਨ ਲਈਏ, ਜਿਵੇਂ ਇਹ ਉਸ ਦੇ ਪ੍ਰੇਮ ਦੇ ਪ੍ਰਗਟਾਵੇ ਹੋਣ। ਪ੍ਰਭੂ ਯਿਸੂ ਨੇ ਸਪੱਸ਼ਟ ਕੀਤਾ ਕਿ ਸਾਡਾ ਸਵਰਗੀ ਪਿਤਾ ਧਰਤੀ ਦੇ ਮਾਪਿਆਂ ਨਾਲੋਂ ਕਈ ਗੁਣਾ ਵਧੀਆ ਹੈ। "ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤ੍ਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ? ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆ ਵਸਤਾਂ ਦੇਵਗਾ!" (ਮੱਤੀ 7:9-11)।

ਸਾਡੇ ਸਵਰਗੀ ਪਿਤਾ ਦੀ ਪਿਆਰ ਭਰੀ ਤਾੜਨਾ ਵਿੱਚ ਅਤੇ ਵਿਰੋਧ ਭਾਵ ਪਸ਼ਚਾਤਾਪ ਨਾ ਕਰਦੇ ਹੋਏ, ਹਠ ਨਾਲ ਪਾਪ ਕਰਨ ਲਈ ਪਰਮੇਸ਼ੁਰ ਦੇ ਦੰਡ ਵਿੱਚ ਵੱਡਾ ਅੰਤਰ ਹੈ। ਵਿਸ਼ਵਾਸੀਆਂ ਦੇ ਨਾਤੇ, ਸਾਡੇ ਜੀਵਨਾਂ ਦੇ ਮਾਰਗ ਵਿੱਚ ਅਸੀਂ ਆਮ ਤੌਰ 'ਤੇ ਪਿਤਾ ਦੇ ਪ੍ਰਤੀ ਆਗਿਆਕਾਰੀ ਵਿੱਚ ਚੱਲਦੇ ਹਾਂ ਅਤੇ ਅਜਿਹੇ ਸਥਾਨ ਵਿੱਚ ਨਹੀਂ ਆਉਂਦੇ ਜਿੱਥੇ ਅਸੀਂ ਪਰਮੇਸ਼ੁਰ ਦੇ ਦੰਡ ਦੇ ਯੋਗ ਹੋਈਏ। ਭਾਵੇਂ ਅਸੀਂ ਪਾਪ ਕਰਦੇ ਹਾਂ, ਫਿਰ ਵੀ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੇ ਨਾਲ ਤੁਰੰਤ ਸਹੀ ਸੰਬੰਧ ਕਿਵੇਂ ਸਥਾਪਿਤ ਕਰਨੇ ਹਨ। ਜਦੋਂ ਅਸੀਂ ਪਰਮੇਸ਼ੁਰ ਦੇ ਪ੍ਰਤੀ ਆਗਿਆਕਾਰੀ ਵਿੱਚ ਚੱਲਦੇ ਹਾਂ, ਤਦ ਇੱਕ ਦੁਸ਼ਮਣ ਸ਼ੈਤਾਨ ਅਤੇ ਉਸ ਦੀਆਂ ਦੁਸ਼ਟ-ਆਤਮਾਵਾਂ ਆਉਂਦੀਆਂ ਹਨ ਜੋ ਆਪਣੀਆਂ ਚਾਲਾਂ ਅਤੇ ਜੁਗਤੀਆਂ ਲੈ ਕੇ ਸਾਡੇ ਵਿਰੁੱਧ ਆਉਂਦੀਆਂ ਹਨ। ਸਾਨੂੰ ਦੁਸ਼ਮਣ ਦੇ ਕੰਮਾਂ ਨੂੰ ਪਛਾਣਨਾ ਹੈ ਕਿ ਉਹ ਕੀ ਹੈ ਅਤੇ ਮਸੀਹ ਵਿੱਚ ਆਪਣੇ ਅਧਿਕਾਰ ਦੇ ਸਥਾਨ ਦਾ ਉਪਯੋਗ ਕਰਦੇ ਹੋਏ ਅਜਿਹੀਆਂ ਗੱਲਾਂ ਦਾ ਸਾਹਮਣਾ ਕਰਨਾ

ਹੈ, ਉਨ੍ਹਾਂ ‘ਤੇ ਜਿੱਤ ਪ੍ਰਾਪਤ ਕਰਨੀ ਹੈ ਅਤੇ ਨਿਰੰਤਰ ਜਿੱਤ ਵਿੱਚ ਚੱਲਣਾ ਹੈ। ਸਾਨੂੰ ਦੁਸ਼ਮਣ ਦੇ ਦੁਸ਼ਟ ਕੰਮਾਂ ਦਾ ਦੋਸ਼ ਪਰਮੇਸ਼ੁਰ ‘ਤੇ ਨਹੀਂ ਲਗਾਉਣਾ ਹੈ ਅਰਥਾਤ ਚੋਰੀ ਕਰਨਾ, ਘਾਤ ਕਰਨਾ ਅਤੇ ਨਾਸ ਕਰਨਾ, ਰੋਗ, ਬਿਪਤਾਵਾਂ, ਦੁਰਘਟਨਾਵਾਂ, ਅਸਫਲਤਾਵਾਂ, ਤ੍ਰਾਸਦੀਆਂ, ਗਰੀਬੀ ਆਦਿ।

ਪ੍ਰਤੀਬਿੰਬ



1) ਪਿਆਰ ਕਰਨ ਵਾਲਾ ਸਵਰਗੀ ਪਿਤਾ ਆਪਣੇ ਬੱਚਿਆਂ ਨੂੰ ਕਿਉਂ ਤਾੜਨਾ ਦਿੰਦਾ ਹੈ

2) ਇਬਰਾਨੀਆਂ 12:5,6 ਵਿੱਚ ਦੱਸੇ ਗਏ “ਤਾੜਨਾ ਦੇਣਾ”, “ਝਿੜਕਣਾ” ਅਤੇ “ਸਜ਼ਾ ਦੇਣ” ਦਾ ਕੀ ਅਰਥ ਹੈ, ਜਦੋਂ ਇੱਕ ਪਿਤਾ ਆਪਣੇ ਬੱਚਿਆਂ ਨਾਲ ਵਰਤਾਓ ਕਰਦਾ ਹੈ ਇਸ ਦਾ ਸੰਖੇਪ ਵਿੱਚ ਵਰਣਨ ਕਰੋ।

3) ਪਰਮੇਸ਼ੁਰ ਸਾਡੇ ਜੀਵਨ ਵਿੱਚ ਪਿਆਰ ਭਰਿਆ ਸੁਧਾਰ ਕਿਹੜੇ ਚਾਰ ਤਰੀਕਿਆਂ ਨਾਲ ਲਿਆਉਂਦਾ ਹੈ ਇਸ ਬਾਰੇ ਸੋਚੋ ਕਿ ਤੁਸੀਂ ਆਪਣੇ ਆਪ ਨੂੰ ਕਿਵੇਂ ਸੰਵੇਦਨਸ਼ੀਲ ਬਣਾ ਸਕਦੇ ਹੋ ਤਾਂ ਜੋ ਪਰਮੇਸ਼ੁਰ ਦੇ ਸੁਧਾਰ ਨੂੰ ਪਹਿਚਾਣ ਕੇ ਤੁਰੰਤ ਉਸ ਦਾ ਜਵਾਬ ਦੇ ਸਕੋ।

7

ਆਪਣੇ ਸਵਰਗੀ ਪਿਤਾ ਦੀ ਨਕਲ ਕਰਨਾ

ਪਿਤਾ ਦੇ ਪਿਆਰ ਦਾ ਅਨੁਭਵ ਕਰਨ ਨਾਲ ਨਾ ਸਿਰਫ਼ ਸਾਡੀ ਪਿਆਰ ਪ੍ਰਾਪਤ ਕਰਨ ਦੀ ਸਮਰੱਥਾ ਬਹਾਲ ਹੁੰਦੀ ਹੈ, ਪਰ ਪਿਆਰ ਕਰਨ ਦੀ ਸਮਰੱਥਾ ਵੀ ਬਹਾਲ ਹੋ ਜਾਂਦੀ ਹੈ। ਇਸ ਤਰ੍ਹਾਂ ਅਸੀਂ ਉਸ ਪਿਆਰ ਵਿੱਚ ਚੱਲ ਸਕਦੇ ਹਾਂ ਜੋ ਸਾਡੀ ਆਪਣੀ ਸਮਰੱਥਾ ਤੋਂ ਕਿਤੇ ਵੱਧ ਹੈ।

ਸਾਡੇ ਵਿੱਚ ਅਤੇ ਸਾਡੇ ਰਾਹੀਂ ਉਸ ਦਾ ਪਿਆਰ

ਅਫ਼ਸੀਆਂ 5:1,2

1 ਸੋ ਤੁਸੀਂ ਪਿਆਰਿਆਂ ਪੁੱਤ੍ਰਾਂ ਵਾਂਙੁ ਪਰਮੇਸ਼ੁਰ ਦੀ ਰੀਸ ਕਰੋ

2 ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਭੇਂਟ ਅਤੇ ਬਲੀਦਾਨ ਕਰ ਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ।

ਸਾਨੂੰ ਆਪਣੇ ਸਵਰਗੀ ਪਿਤਾ ਦੀ ਨਕਲ ਕਰਨੀ ਹੈ। ਸਭ ਤੋਂ ਪਹਿਲੀ ਗੱਲ ਜਿਸ ਵਿੱਚ ਸਾਨੂੰ ਉਸ ਦੀ ਨਕਲ ਕਰਨ ਲਈ ਬੁਲਾਇਆ ਗਿਆ ਹੈ, ਉਹ ਹੈ ਪਿਆਰ ਵਿੱਚ ਚੱਲਣਾ। ਸਾਡਾ ਉਦਾਹਰਣ ਮਸੀਹ ਅਤੇ ਉਸ ਦਾ ਪਿਆਰ ਹੈ। ਉਹੀ ਕਰੋ ਜੋ ਯਿਸੂ ਨੇ ਕੀਤਾ। ਉਸ ਨੇ ਸਾਨੂੰ ਦਿਖਾਇਆ ਕਿ ਪਿਆਰ ਵਿੱਚ ਚੱਲਣਾ ਕੀ ਹੁੰਦਾ ਹੈ।

ਪਰਮੇਸ਼ੁਰ ਕਦੇ ਵੀ ਸਾਨੂੰ ਉਹ ਕੰਮ ਕਰਨ ਲਈ ਨਹੀਂ ਕਹਿੰਦਾ ਜੋ ਅਸੰਭਵ ਹੋਵੇ। ਨਾ ਹੀ ਉਹ ਸਾਨੂੰ ਕੋਈ ਅਜਿਹਾ ਹੁਕਮ ਦਿੰਦਾ ਹੈ ਜਿਸ ਨੂੰ ਪੂਰਾ ਕਰਨ ਲਈ ਉਹ ਸਾਨੂੰ ਤਾਕਤ ਨਾ ਦੇਵੇ। ਇਸ ਲਈ, ਉਸ ਦਾ ਇਹ ਹੁਕਮ ਕਿ ਅਸੀਂ ਉਸ ਦੀ ਨਕਲ ਕਰੀਏ ਅਤੇ ਮਸੀਹ ਵਾਂਗ ਪਿਆਰ ਵਿੱਚ ਚੱਲੀਏ, ਸੰਭਵ ਹੈ, ਕਿਉਂਕਿ ਉਹ ਸਾਨੂੰ ਇਹ ਕਰਨ ਦੀ ਸਮਰਥਾ ਵੀ ਦਿੰਦਾ ਹੈ।

ਜਦੋਂ ਅਸੀਂ ਆਪਣੇ ਸਵਰਗੀ ਪਿਤਾ ਦੀ ਨਕਲ ਕਰਦੇ ਹਾਂ ਅਤੇ ਮਸੀਹ ਵਾਂਗ ਪਿਆਰ ਵਿੱਚ ਚੱਲਦੇ ਹਾਂ, ਤਾਂ ਇਹ ਇੱਕ ਅਜਿਹਾ ਬਲੀਦਾਨ ਬਣ ਜਾਂਦਾ ਹੈ ਜੋ ਸਾਡੇ ਪਿਤਾ ਨੂੰ ਪ੍ਰਸੰਨ ਕਰਦਾ ਹੈ, ਇੱਕ ਸੁਗੰਧੀ ਭੇਂਟ ਵਾਂਗ, ਠੀਕ ਉਸੇ

ਤਰ੍ਹਾਂ ਜਿਵੇਂ ਪਿਤਾ ਯਿਸੂ ਦੇ ਬਲੀਦਾਨ ਨਾਲ ਪ੍ਰਸੰਨ ਕਰਦਾ ਸੀ।

ਪਿਆਰ ਵਿੱਚ ਚੱਲਣਾ ਸਭ ਤੋਂ ਉੱਤਮ ਰਾਹ ਤੇ ਚੱਲਣਾ ਹੈ

1 ਕੁਰਿੰਥੀਆਂ 12:31

ਪਰ ਤੁਸੀਂ ਚੰਗੀਆਂ ਤੋਂ ਚੰਗੀਆਂ ਦਾਤਾਂ ਨੂੰ ਲੋਚੋ, ਨਾਲੇ ਮੈਂ ਤੁਹਾਨੂੰ ਇੱਕ ਬਹੁਤ ਹੀ ਸ਼੍ਰੇਸ਼ਟ ਮਾਰਗ ਦੱਸਦਾ ਹਾਂ।

1 ਕੁਰਿੰਥੀਆਂ 13:1-13

1 ਭਾਵੇਂ ਮੈਂ ਮਨੁੱਖਾਂ ਅਤੇ ਸਵਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ ਪ੍ਰੇਮ ਨਾ ਹੋਵੇ ਤਾਂ ਠਣ-ਠਣ ਕਰਨ ਵਾਲਾ ਪਿੱਤਲ ਅਥਵਾ ਛਣ-ਛਣ ਕਰਨ ਵਾਲੇ ਛੈਣੇ ਬਣਿਆ ਹਾਂ।

2 ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰਾ ਭੇਤ ਅਤੇ ਸਾਰਾ ਗਿਆਨ ਜਾਣਾਂ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾ ਦਿਆਂ ਪਰ ਪ੍ਰੇਮ ਨਾ ਰੱਖਾਂ, ਮੈਂ ਕੁਝ ਵੀ ਨਹੀਂ।

3 ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ ਪ੍ਰੇਮ ਨਾ ਰੱਖਾਂ, ਤਾਂ ਕੁਝ ਲਾਭ ਨਹੀਂ।

4 ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ-ਫੂੰ ਨਹੀਂ ਕਰਦਾ।

5 ਕੁਚੱਜਿਆ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ।

6 ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸੱਚਿਆਈ ਨਾਲ ਅਨੰਦ ਹੁੰਦਾ ਹੈ।

7 ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ।

8 ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ।

9 ਅਸੀਂ ਤਾਂ ਕੁਝ-ਕੁਝ ਜਾਣਦੇ ਹਾਂ ਅਤੇ ਕੁਝ-ਕੁਝ ਅਗੰਮ ਵਾਕ ਬੋਲਦੇ ਹਾਂ।

10 ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ।

11 ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ ਬੋਲਦਾ, ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਂਚਦਾ ਸਾਂ। ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ।

12 ਇਸ ਵੇਲੇ ਤਾਂ ਅਸੀਂ ਸੀਸ਼ੇ ਵਿੱਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਉਸ ਵੇਲੇ ਰੋ-ਬਰੂ ਵੇਖਾਂਗੇ। ਇਸ ਵੇਲੇ ਮੈਂ ਕੁਝ-ਕੁਝ ਜਾਣਦਾ ਹਾਂ ਪਰ ਉਸ ਵੇਲੇ ਉਹੋ ਜਿਹਾ ਜਾਣਾਂਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ।

13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਏਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।

1 ਕੁਰਿੰਥੀਆਂ 14:1

ਪ੍ਰੇਮ ਦੇ ਮਗਰ ਲੱਗੋ। ਤਾਂ ਵੀ ਆਤਮਿਕ ਦਾਨਾਂ ਨੂੰ ਲੋਚੋ ਪਰ ਵੱਧ ਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ।

ਪੌਲੁਸ ਰਸੂਲ ਸਾਨੂੰ 1 ਕੁਰਿੰਥੀਆਂ 12 ਵਿੱਚ ਪਵਿੱਤਰ ਆਤਮਾ ਦੀਆਂ ਦਾਤਾਂ ਅਤੇ ਕਲੀਸੀਆ ਵਿੱਚ ਵੱਖ-ਵੱਖ ਸੇਵਾ ਭੂਮਿਕਾਵਾਂ (ਜਿਵੇਂ ਅਗਵਾਈ ਕਰਨਾ, ਸਿੱਖਿਆ ਦੇਣਾ, ਪ੍ਰਬੰਧ ਕਰਨਾ ਆਦਿ) ਦੇ ਵਿਸ਼ੇ ਬਾਰੇ ਸਮਝਾਉਂਦਾ ਹੈ। ਉਹ ਕਹਿੰਦਾ ਹੈ ਕਿ ਸਾਨੂੰ ਇਹ ਦਾਤਾਂ ਚਾਹੀਦੀਆਂ ਹਨ, ਪਰ ਨਾਲ ਹੀ ਉਹ ਦੱਸਦਾ ਹੈ ਕਿ "ਮੈਂ ਤੁਹਾਨੂੰ ਇੱਕ ਬਹੁਤ ਹੀ ਸਰੇਸ਼ਟ ਮਾਰਗ ਦੱਸਦਾ ਹਾਂ।" ਵੱਲ ਲੈ ਜਾਣਾ ਚਾਹੁੰਦਾ ਹੈ (1 ਕੁਰਿੰਥੀਆਂ 12:31), ਯਾਨੀ ਇੱਕ ਅਜਿਹਾ ਰਾਹ ਜੋ ਹੋਰ ਵੀ ਵਧੀਆ ਅਤੇ ਉੱਚਾ ਹੈ। ਇਸ ਦਾ ਮਤਲਬ ਇਹ ਹੈ ਕਿ ਲੋਕਾਂ ਦੀ ਸੇਵਾ ਕਰਨ ਅਤੇ ਮਸੀਹ ਦੇ ਸਰੀਰ ਦੀ ਸੇਵਾ ਕਰਨ ਦਾ ਇੱਕ ਹੋਰ ਵੀ ਵਧੀਆ ਤਰੀਕਾ ਹੈ—ਜੋ ਆਤਮਾ ਦੀਆਂ ਦਾਤਾਂ ਅਤੇ ਸੇਵਾ ਭੂਮਿਕਾਵਾਂ ਤੋਂ ਵੀ ਉੱਚਾ ਹੈ। ਉਹ ਸਾਨੂੰ ਪਰਮੇਸ਼ੁਰ ਵਰਗੇ ਪਿਆਰ ਨਾਲ ਜੀਉਣ ਦੀ ਵੱਲ ਇਸ਼ਾਰਾ ਕਰਦਾ ਹੈ।

1 ਕੁਰਿੰਥੀਆਂ 13 ਦੇ ਪਹਿਲੇ ਹਿੱਸੇ ਵਿੱਚ ਪੌਲੁਸ ਸਾਫ਼ ਕਰਦਾ ਹੈ ਕਿ ਜੇ ਅਸੀਂ ਪਰਮੇਸ਼ੁਰ ਵਰਗੇ ਪਿਆਰ ਨਾਲ ਪ੍ਰੇਰਿਤ ਹੋ ਕੇ ਅਤੇ ਉਸ ਪਿਆਰ ਦੀ ਰਹਿਨੁਮਾਈ ਵਿੱਚ ਨਾ ਚੱਲੀਏ, ਤਾਂ ਭਾਵੇਂ ਅਸੀਂ ਆਤਮਿਕ ਦਾਤਾਂ ਵਿੱਚ ਕੰਮ ਕਰੀਏ, ਸੇਵਾਵਾਂ ਕਰੀਏ, ਦਇਆ ਦੇ ਵੱਡੇ ਕੰਮ ਕਰੀਏ ਜਾਂ ਆਪਣਾ ਸਰੀਰ ਸਾੜੇ ਜਾਣ ਲਈ ਵੀ ਦੇ ਦੇਈਏ, ਇਹ ਸਭ ਵਿਅਰਥ ਹੈ। ਇਸ ਦਾ ਕੋਈ ਲਾਭ ਨਹੀਂ। ਇਹ ਸੇਵਾ ਕਰਦੇ ਸਮੇਂ ਪਿਆਰ ਵਿੱਚ ਬਣੇ ਰਹਿਣ ਦੀ ਮਹੱਤਤਾ ਦਿਖਾਉਂਦਾ ਹੈ।

ਜੋ ਕੁਝ ਵੀ ਅਸੀਂ ਕਰਦੇ ਹਾਂ, ਉਹ ਪਰਮੇਸ਼ੁਰ ਵਰਗੇ ਪਿਆਰ ਨਾਲ ਚਲਾਇਆ, ਦਿਸ਼ਾ ਦਿੱਤਾ ਅਤੇ ਪ੍ਰੇਰਿਤ ਹੋਣਾ ਚਾਹੀਦਾ ਹੈ। ਪਰਮੇਸ਼ੁਰ ਦੇ ਪਿਆਰ 'ਤੇ ਨਿਰਭਰ ਰਹਿੰਦਿਆਂ ਅਤੇ ਉਸ ਪਿਆਰ ਵਿੱਚ ਜੀਵਨ ਬਿਤਾਉਂਦਿਆਂ ਸੇਵਾ ਕਰੋ। ਜਿਵੇਂ ਪੌਲੁਸ 4-8 ਆਇਤ ਵਿੱਚ ਦੱਸਦਾ ਹੈ, ਜੇ ਅਸੀਂ ਬੇਸਬਰ, ਬੁਰੇ, ਈਰਖਾਲੂ, ਸੁਆਰਥੀ, ਆਪਣੀ ਵਡਿਆਈ ਕਰਨ ਵਾਲੇ, ਬਦਸਲੂਕੀ ਕਰਨ ਵਾਲੇ, ਆਪਣਾ ਹੀ ਫ਼ਾਇਦਾ ਲੱਭਣ ਵਾਲੇ, ਗੁੱਸੇ ਵਾਲੇ, ਬੁਰੇ ਵਿਚਾਰਾਂ ਵਾਲੇ ਜਾਂ ਅਸੱਤ ਅਤੇ ਬੁਰਾਈ ਨੂੰ ਵਧਾਵਾ ਦੇਣ ਵਾਲੇ ਹਾਂ, ਤਾਂ ਅਸੀਂ ਪਿਆਰ ਨਾਲ ਪ੍ਰੇਰਿਤ ਨਹੀਂ ਹਾਂ। ਗ਼ਲਤ ਮਨਸ਼ਾ ਨਾਲ ਆਤਮਿਕ ਦਾਤਾਂ ਦੀ ਵਰਤੋਂ ਬੇਮਤਲਬ ਹੈ; ਇਹ ਵਿਅਰਥ ਹੈ ਅਤੇ ਇਸ ਦਾ ਕੋਈ ਲਾਭ ਨਹੀਂ।

ਆਤਮਿਕ ਦਾਤਾਂ, ਸੇਵਾ ਦੇ ਕੰਮਾਂ, ਦਇਆ ਦੇ ਕਾਰਜਾਂ, ਵਿਸ਼ਵਾਸ ਅਤੇ ਆਸ ਨਾਲੋਂ ਪਿਆਰ ਇਸ ਲਈ ਵਧੀਆ ਹੈ ਕਿਉਂਕਿ ਪਿਆਰ ਸਦਾ ਕਾਇਮ

ਰਹਿੰਦਾ ਹੈ। ਇੱਕ ਸਮਾਂ ਆਵੇਗਾ ਜਦੋਂ ਸਿਰਫ਼ ਪਿਆਰ ਹੀ ਕਾਰਜ ਕਰੇਗਾ। ਹੋਰ ਸਾਰੀਆਂ ਗੱਲਾਂ ਮੁੱਕ ਜਾਣਗੀਆਂ ਅਤੇ ਉਨ੍ਹਾਂ ਦੀ ਲੋੜ ਨਹੀਂ ਰਹੇਗੀ।

ਇਸ ਦਾ ਇਹ ਅਰਥ ਨਹੀਂ ਕਿ ਅਸੀਂ ਆਤਮਿਕ ਦਾਤਾਂ ਦੀ ਵਰਤੋਂ ਨਾ ਕਰੀਏ। ਪਰ ਪਹਿਲਾਂ ਆਪਣੀਆਂ ਤਰਜੀਹਾਂ ਠੀਕ ਕਰਕੇ ਪਿਆਰ ਵਿੱਚ ਚੱਲਣਾ ਸਿੱਖੀਏ, ਫਿਰ ਆਤਮਿਕ ਦਾਤਾਂ ਦਾ ਪਾਲਣ ਕਰੀਏ, ਜਿਵੇਂ ਪੌਲੁਸ 1 ਕੁਰਿੰਥੀਆਂ 14:1 ਵਿੱਚ ਸੰਖੇਪ ਕਰਦਾ ਹੈ।

ਯਾਦ ਰੱਖੋ, ਵਿਸ਼ਵਾਸ ਪਿਆਰ ਰਾਹੀਂ ਕੰਮ ਕਰਦਾ ਹੈ (ਗਲਾਤੀਆਂ 5:6)।

(**ਟਿੱਪਣੀ:** ਕੁਰਿੰਥੀਆਂ 13:8 ਵਿੱਚ *"ਭਵਿੱਖਬਾਣੀਆਂ ਮੁੱਕ ਜਾਣਗੀਆਂ"* ਅਤੇ *"ਗਿਆਨ ਮਿਟ ਜਾਵੇਗਾ"* ਲਈ ਇੱਕੋ ਯੂਨਾਨੀ ਸ਼ਬਦ "ਕਟਾਰਗੇਓ" ਵਰਤਿਆ ਗਿਆ ਹੈ। ਇਸ ਦਾ ਅਰਥ ਹੈ ਕਿ ਇਹ ਦਾਤ ਇੱਕ ਸਮੇਂ ਬਾਅਦ ਕਾਰਜ ਕਰਨਾ ਬੰਦ ਕਰ ਦੇਣਗੀਆਂ ਅਤੇ ਨਿਸ਼ਕ੍ਰਿਆ ਹੋ ਜਾਣਗੀਆਂ।)

ਪਿਆਰ ਕਦੇ ਟਲਦਾ ਨਹੀਂ

1 ਕੁਰਿੰਥੀਆਂ 13:8
ਪ੍ਰੇਮ ਕਦੇ ਟਲਦਾ ਨਹੀਂ।

ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਕਦੇ ਟਲਦਾ ਨਹੀਂ" ਕੀਤਾ ਗਿਆ ਹੈ, ਉਹ ਪਿਆਰ ਦੇ ਅਰਥ ਵਿੱਚ ਵਰਤਿਆ ਗਿਆ ਸ਼ਬਦ "ਏਕਪਿਪਟੋ" ਹੈ। ਸਟਰਾਂਗ ਦੇ ਯੂਨਾਨੀ ਸ਼ਬਦਕੋਸ਼ ਅਨੁਸਾਰ ਇਸ ਦਾ ਅਰਥ ਹੈ "ਆਪਣੇ ਰਾਹ ਤੋਂ ਭਟਕ ਜਾਣਾ; ਰੂਪਕ ਰੂਪ ਵਿੱਚ ਅਸਫਲ ਹੋਣਾ ਜਾਂ ਅਸਰਹੀਣ ਹੋ ਜਾਣਾ।" ਥਾਯਰ ਦੇ ਯੂਨਾਨੀ ਸ਼ਬਦਕੋਸ਼ ਅਨੁਸਾਰ ਇਸ ਵਿੱਚ *"ਉਸ ਥਾਂ ਤੋਂ ਡਿੱਗ ਪੈਣਾ ਜਿੱਥੇ ਟਿਕੇ ਨਹੀਂ ਰਹਿ ਸਕਦੇ, ਦਰਜੇ ਤੋਂ ਡਿੱਗਣਾ, ਕਮਜ਼ੋਰ ਹੋ ਜਾਣਾ, ਧਰਤੀ ਤੇ ਡਿੱਗ ਪੈਣਾ, ਪ੍ਰਭਾਵਹੀਣ ਹੋ ਜਾਣਾ"* ਆਦਿ ਅਰਥ ਵੀ ਸ਼ਾਮਿਲ ਹਨ।

ਜੇ ਅਸੀਂ ਇਹ ਸਾਰਾ ਮਿਲਾ ਕੇ ਸਮਝੀਏ, ਤਾਂ ਇਹ ਗੱਲ ਬਣਦੀ ਹੈ ਕਿ ਜਦੋਂ ਅਸੀਂ ਪਿਆਰ ਵਿੱਚ ਚੱਲਦੇ ਹਾਂ, ਤਾਂ ਅਸੀਂ ਰਸਤੇ ਤੋਂ ਨਹੀਂ ਭਟਕਦੇ। ਪਿਆਰ ਵਿੱਚ ਚੱਲਣਾ ਸਹੀ ਰਸਤੇ 'ਤੇ ਰਹਿਣਾ ਹੈ। ਇਸ ਤੋਂ ਇਲਾਵਾ, ਜਦੋਂ ਅਸੀਂ ਪਿਆਰ ਵਿੱਚ ਚਲਦੇ ਹਾਂ, ਤਾਂ ਅਸੀਂ ਬੇਬਸ ਨਹੀਂ ਹੁੰਦੇ, ਨਾ ਹੀ ਅਸੀਂ

ਬੇਇੱਜ਼ਤ ਹੁੰਦੇ ਹਾਂ ਅਤੇ ਨਾ ਹੀ ਬੇਕਾਰ ਬਣਦੇ ਹਾਂ। ਇਸ ਦੀ ਬਜਾਏ, ਸਾਡਾ ਅਸਰ ਹੁੰਦਾ ਹੈ ਅਤੇ ਅਸੀਂ ਪ੍ਰਭਾਵ ਪਾਂਦੇ ਹਾਂ।

ਇਸ ਲਈ, ਸਮਝੋ ਕਿ ਜਦੋਂ ਅਸੀਂ ਪਿਆਰ ਵਿੱਚ ਚੱਲਦੇ ਹਾਂ, ਤਾਂ ਅਸੀਂ ਉਸ ਰਸਤੇ 'ਤੇ ਹੁੰਦੇ ਹਾਂ ਜਿੱਥੇ ਅਸੀਂ ਫੇਲ ਨਹੀਂ ਹੁੰਦੇ। ਜੋ ਵੀ ਤੁਸੀਂ ਪਰਮੇਸ਼ੁਰ ਵਾਲੇ ਪਿਆਰ ਨਾਲ ਪ੍ਰੇਰਿਤ, ਹੋ ਕੇ ਉਸ ਦੀ ਅਗਵਾਈ ਅਤੇ ਨਿਰੰਤਰ ਹੇਠ ਕਰਦੇ ਹੋ, ਉਸ ਦਾ ਜ਼ਰੂਰ ਅਸਰ ਹੁੰਦਾ ਹੈ।

ਪਿਤਾ ਦੇ ਪਿਆਰ ਵਿੱਚ ਬਣੇ ਰਹਿਣਾ ਅਤੇ ਉਸ ਦੇ ਪਿਆਰ ਤੋਂ ਜੀਉਣਾ ਤੁਹਾਨੂੰ ਹਮੇਸ਼ਾ ਸਹੀ ਰਾਹ 'ਤੇ ਬਣਾਈ ਰੱਖੇਗਾ।

ਉਸ ਦਾ ਪਿਆਰ ਕਬੂਲ ਕਰਨਾ ਪਿਆਰ ਕਰਨ ਦੀ ਸਾਡੀ ਸਮਰੱਥਾ ਨੂੰ ਵਧਾਉਂਦਾ ਹੈ

ਰੋਮੀਆਂ 5:3-5

3 ਨਿਰਾ ਇਹੋ ਨਹੀਂ ਸਗੋਂ ਬਿਪਤਾ ਵਿੱਚ ਵੀ ਅਭਿਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ;

4 ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜਤਾ ਆਸ ਪੈਦੀ ਕਰਦੀ ਹੈ।

5 ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਗਿਆ ਹੋਇਆ ਹੈ।

ਅਸੀਂ ਮੁਸ਼ਕਲਾਂ ਵਿੱਚੋਂ ਲੰਘਦੇ ਹਾਂ ਅਤੇ ਰਸੂਲ ਪੌਲੁਸ ਵਿਸ਼ਵਾਸੀਆਂ ਦੇ ਜੀਵਨ ਬਾਰੇ ਲਿਖਦਾ ਹੈ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਮੁਸ਼ਕਲਾਂ ਰਾਹੀਂ ਸਾਡਾ ਧੀਰਜ (ਸਹਿਣਸ਼ੀਲਤਾ) ਵੱਧਦਾ ਹੈ, ਧੀਰਜ ਰਾਹੀਂ ਸਾਡਾ ਚਰਿੱਤਰ ਮਜ਼ਬੂਤ ਹੁੰਦਾ ਹੈ ਅਤੇ ਇਸ ਨਾਲ ਸਾਡੀ ਆਸ ਮਜ਼ਬੂਤ ਹੁੰਦੀ ਹੈ, ਜੋ ਆਉਣ ਵਾਲੀਆਂ ਗੱਲਾਂ ਦੀ ਆਸ ਅਤੇ ਉਡੀਕ ਹੈ।

ਹੁਣ ਜੋ ਆਸ ਸਾਡੇ ਕੋਲ ਹੈ, ਉਹ ਸਾਨੂੰ ਨਿਰਾਸ਼ ਨਹੀਂ ਕਰਦੀ। ਇਸ ਦਾ ਮਤਲਬ ਇਹ ਹੈ ਕਿ ਇਹ ਆਸ ਸਾਨੂੰ ਸ਼ਰਮਿੰਦਾ ਨਹੀਂ ਹੋਣ ਦਿੰਦੀ, ਕਿਉਂਕਿ ਅਸੀਂ ਇੱਥੇ ਅਤੇ ਹੁਣ ਪਰਮੇਸ਼ੁਰ ਦੇ ਪਿਆਰ -ਪਿਤਾ ਦੇ ਬੇਅੰਤ ਅਤੇ ਬਿਨ੍ਹਾਂ ਸ਼ਰਤ ਪਿਆਰ ਨੂੰ ਅਨੁਭਵ ਕਰ ਰਹੇ ਹਾਂ। ਇਹ ਪਿਆਰ ਪਵਿੱਤਰ ਆਤਮਾ ਰਾਹੀਂ ਸਾਡੇ ਦਿਲਾਂ ਵਿੱਚ ਭਰਪੂਰ ਤੌਰ 'ਤੇ ਉਂਡੇਲਿਆ ਜਾ ਰਿਹਾ ਹੈ।

ਇਹ ਪਿਆਰ — ਪਿਤਾ ਦਾ ਪਿਆਰ — ਸਾਡੇ ਦਿਲਾਂ ਵਿੱਚ ਭਰਿਆ ਹੋਇਆ ਹੈ ਅਤੇ ਵਗ ਰਿਹਾ ਹੈ ਤਾਂ ਜੋ ਅਸੀਂ ਇਸ ਦਾ ਅਨੁਭਵ ਕਰੀਏ, ਇਸ ਵਿੱਚ ਆਨੰਦ ਮਾਣੀਏ ਅਤੇ ਇਸ ਨੂੰ ਹੋਰਨਾਂ ਨਾਲ ਵੀ ਸਾਂਝਾ ਕਰੀਏ।

ਪਿਤਾ ਦਾ ਪਿਆਰ ਸਾਡੇ ਦਿਲਾਂ ਵਿੱਚ ਭਰਪੂਰ ਹੈ, ਇਸ ਲਈ ਅਸੀਂ ਕਲੇਸ਼ਾਂ ਵਿੱਚ ਵੀ ਖੁਸ਼ ਰਹਿੰਦੇ ਹਾਂ ਅਤੇ ਸਾਡੀ ਆਸ ਸ਼ਰਮਿੰਦਾ ਨਹੀਂ ਹੁੰਦੀ।

ਪਿਤਾ ਦਾ ਪਿਆਰ ਸਾਡੇ ਦਿਲਾਂ ਵਿੱਚ ਵਗਦਾ ਰਹਿੰਦਾ ਹੈ, ਇਸ ਕਾਰਨ ਹੋਰਨਾਂ ਨਾਲ ਪਿਆਰ ਕਰਨ ਦੀ ਸਾਡੀ ਸਮਰੱਥਾ ਹੁਣ ਵੱਧਦੀ ਜਾਂਦੀ ਹੈ। ਹੁਣ ਪਵਿੱਤਰ ਆਤਮਾ ਰਾਹੀਂ ਸਾਨੂੰ ਹੋਰਨਾਂ ਨਾਲ ਉਸੇ ਤਰ੍ਹਾਂ ਪਿਆਰ ਕਰਨ ਦੀ ਤਾਕਤ ਮਿਲੀ ਹੈ, ਜਿਵੇਂ ਉਹ ਪਿਆਰ ਕਰਦਾ ਹੈ। ਅਸੀਂ ਵੀ ਪਿਤਾ ਵਾਂਗ ਪਿਆਰ ਕਰ ਸਕਦੇ ਹਾਂ! ਅਸੀਂ ਉਹੀ ਕਰਦੇ ਹਾਂ ਜੋ ਪਿਆਰ ਕਰੇਗਾ। ਅਸੀਂ (ਨਕਾਰਾਤਮਕ ਤਰੀਕੇ) ਨਾਲ ਨਿਆਂ ਕਰਨਾ, ਆਲੋਚਨਾ ਕਰਨਾ ਅਤੇ ਦੋਸ਼ ਲਗਾਉਣਾ ਛੱਡ ਦਿੰਦੇ ਹਾਂ। ਅਸੀਂ ਪਿਆਰ ਵਿੱਚ ਸੱਚ ਬੋਲਦੇ ਹਾਂ, ਸੁਧਾਰਦੇ ਹਾਂ ਅਤੇ ਰਹਿਨੁਮਾਈ ਕਰਦੇ ਹਾਂ। ਅਸੀਂ ਮੁਸ਼ਕਿਲ ਹਲਾਤਾਂ ਵਿੱਚ ਵੀ ਵਿਸ਼ਵਾਸ ਅਤੇ ਆਸ ਨਾਲ ਲੋਕਾਂ ਨੂੰ ਉਠਾਉਂਦੇ ਹਾਂ।

ਸੋਚੋ ਜੇ ਇਹ ਪਿਆਰ ਪਤੀ-ਪਤਨੀ ਦੇ ਰਿਸ਼ਤਿਆਂ ਵਿੱਚ ਲਿਆਂਦਾ ਜਾਵੇ। ਅਸਲ ਵਿੱਚ, ਪਰਮੇਸ਼ੁਰ ਦਾ ਵਚਨ ਸਾਨੂੰ ਇਹੀ ਸਿਖਾਉਂਦਾ ਹੈ। ਜਿਵੇਂ ਮਸੀਹ ਨੇ ਪਿਆਰ ਕੀਤਾ, ਤਿਵੇਂ ਪਿਆਰ ਕਰੋ। ਪਿਤਾ ਦੇ ਪਿਆਰ ਨਾਲ ਪਿਆਰ ਕਰੋ।

ਅਫ਼ਸੀਆਂ 5:25
ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ ਕਲੀਸਿਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।

ਇਸ ਦੁੱਖ ਭਰੇ ਸੰਸਾਰ ਵਿੱਚ ਸਾਡੇ ਵਿਆਹ ਅਤੇ ਪਰਿਵਾਰ ਪਿਆਰ ਦਾ ਅਰਾਮ ਸਥਾਨ ਬਣ ਜਾਣਗੇ। ਪਿਤਾ ਦੇ ਪਿਆਰ ਦੀ ਭਰਪੂਰੀ ਕਾਰਨ ਪਤੀ, ਪਤਨੀ ਅਤੇ ਬੱਚੇ ਘਰ ਵਿੱਚ ਰਹਿਣ ਅਤੇ ਇਕੱਠੇ ਸਮਾਂ ਬਿਤਾਉਣ ਦੀ ਉਡੀਕ ਕਰਨਗੇ। ਘਰ ਇੱਕ ਅਜਿਹਾ ਥਾਂ ਬਣ ਜਾਵੇਗਾ ਜਿੱਥੇ ਸੁਰੱਖਿਆ, ਤਸੱਲੀ, ਤਾਕਤ ਅਤੇ ਚੰਗਿਆਈ ਮਿਲਦੀ ਹੈ।

ਜਿਵੇਂ ਪਰਮੇਸ਼ੁਰ ਪਿਆਰ ਕਰਦਾ ਹੈ, ਤਿਵੇਂ ਪਿਆਰ ਕਰਨਾ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਹੈ

1 ਯੂਹੰਨਾ 4:12
ਪਰਮੇਸ਼ੁਰ ਨੂੰ ਕਿਸੇ ਨੇ ਕਦੇ ਨਹੀਂ ਡਿੱਠਾ। ਜੇ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖਦੇ ਹਾਂ ਤਾਂ ਪਰਮੇਸ਼ੁਰ ਸਾਡੇ ਵਿੱਚ ਰਹਿੰਦਾ ਹੈ ਅਤੇ ਉਹ ਦਾ ਪ੍ਰੇਮ ਸਾਡੇ ਵਿੱਚ ਸੰਪੂਰਨ ਕੀਤਾ ਹੋਇਆ ਹੈ।

ਕਿਸੇ ਨੇ ਕਦੇ ਪਰਮੇਸ਼ੁਰ ਨੂੰ ਨਹੀਂ ਵੇਖਿਆ। ਜਦੋਂ ਅਸੀਂ ਇੱਕ ਦੂਜੇ ਨਾਲ ਪਿਆਰ ਕਰਦੇ ਹਾਂ, ਤਦ ਪਰਮੇਸ਼ੁਰ ਸਾਡੇ ਵਿੱਚ ਵੱਸਦਾ ਹੈ ਅਤੇ ਸਾਡੇ ਰਾਹੀਂ ਦਿਖਾਈ ਦਿੰਦਾ ਹੈ। ਜਦੋਂ ਅਸੀਂ ਹੋਰਨਾਂ ਨਾਲ ਉਸ ਦੇ ਪਿਆਰ ਨਾਲ ਪਿਆਰ ਕਰਦੇ ਹਾਂ, ਤਦ ਪਰਮੇਸ਼ੁਰ ਸਾਡੇ ਰਾਹੀਂ ਪ੍ਰਗਟ ਹੁੰਦਾ ਹੈ। ਜਿਵੇਂ ਪਰਮੇਸ਼ੁਰ ਨੇ ਪਿਆਰ ਕੀਤਾ, ਤਿਵੇਂ ਪਿਆਰ ਕਰਨਾ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਹੈ। ਇਹ ਪਿਤਾ ਦੇ ਪਿਆਰ ਦੀ ਸਪੱਸ਼ਟ ਅਤੇ ਅਸਲ ਤਰੀਕੇ ਨਾਲ ਪ੍ਰਗਟਾਵਾ ਕਰਦਾ ਹੈ।

ਮਲਾਕੀ 4:5,6
5 ਵੇਖੋ, ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ
ਘੱਲਾਂਗਾ ਏਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ
ਅਤੇ ਭੈ ਦਾਇਕ ਦਿਨ ਆਵੇ
6 ਉਹ ਪੇਵਾਂ ਦੇ ਦਿਲ ਬਾਲਕਾਂ ਵੱਲ ਅਤੇ ਬਾਲਕਾਂ ਦੇ
ਦਿਲ ਪੇਵਾਂ ਵੱਲ ਮੋੜੇਗਾ, ਮਤੇ ਮੈਂ ਆਵਾਂ ਅਤੇ ਧਰਤੀ
ਦਾ ਸੱਤਿਆ ਨਾਸ ਕਰਾਂ।

ਪ੍ਰਭੂ ਦੇ ਦਿਨ ਤੋਂ ਪਹਿਲਾਂ ਪਰਮੇਸ਼ੁਰ ਦੇ ਕੰਮਾਂ ਵਿੱਚੋਂ ਇੱਕ ਇਹ ਹੋਵੇਗਾ ਕਿ ਪਿਤਾਵਾਂ ਦੇ ਦਿਲ ਬੱਚਿਆਂ ਵੱਲ ਅਤੇ ਬੱਚਿਆਂ ਦੇ ਦਿਲ ਪਿਤਾਵਾਂ ਵੱਲ ਮੋੜੇ ਜਾਣ। ਇਹ ਗੱਲ ਇੰਨੀ ਮਹੱਤਵਪੂਰਨ ਹੈ ਕਿ ਜੇ ਇਹ ਨਾ ਹੋਵੇ, ਤਾਂ ਧਰਤੀ ਸ਼ਾਪਿਤ ਹੋਵੇਗੀ। ਇਸ ਗੱਲ ਨੂੰ ਅਸੀਂ ਕੁਦਰਤੀ ਪਰਿਵਾਰ ਅਤੇ ਸਥਾਨਕ ਕਲੀਸਿਆ ਦੇ ਪਰਿਵਾਰ ਦੋਹਾਂ ਵਿੱਚ ਵੇਖ ਸਕਦੇ ਹਾਂ।

ਬਹੁਤ ਲੋਕਾਂ ਲਈ ਸਵਰਗੀ ਪਿਤਾ ਦੇ ਬਿਨ੍ਹਾਂ ਸ਼ਰਤ, ਪਾਲਣਹਾਰ ਅਤੇ ਪਿਆਰ ਭਰੇ ਪਿਆਰ ਦੀ ਪਹਿਲੀ ਝਲਕ ਉਹਨਾਂ ਦੇ ਆਪਣੇ ਮਾਪਿਆਂ ਰਾਹੀਂ ਮਿਲਦੀ ਹੈ ਅਤੇ ਜਦੋਂ ਇਹ ਪਿਆਰ ਟੁੱਟ ਜਾਂਦਾ ਹੈ, ਤਾਂ ਉਹ ਨਹੀਂ ਜਾਣਦੇ ਕਿ ਉਹ ਇਸ ਤਰ੍ਹਾਂ ਦਾ ਪਿਆਰ ਹੋਰ ਕਿੱਥੇ ਲੱਭ ਸਕਦੇ ਹਨ। ਮਾਪੇ ਹੋਣ ਦੇ ਨਾਤੇ ਕਈ ਵਾਰ ਅਸੀਂ ਸਵਰਗੀ ਪਿਤਾ ਦੇ ਪਿਆਰ ਨੂੰ ਗ਼ਲਤ ਢੰਗ ਨਾਲ ਦਰਸਾਉਂਦੇ

ਹਾਂ ਜਾਂ ਆਪਣੇ ਬੱਚਿਆਂ ਨੂੰ ਉਸ ਦੇ ਪਿਆਰ ਦੀ ਕੋਈ ਝਲਕ ਹੀ ਨਹੀਂ ਦਿੰਦੇ। ਸਾਡੇ ਵਿੱਚੋਂ ਕੁਝ ਪਿਤਾ ਇਹ ਗ਼ਲਤ ਸੋਚ ਰੱਖਦੇ ਹਨ ਕਿ ਪਿਆਰ ਜਾਂ ਭਾਵਨਾਵਾਂ ਪ੍ਰਗਟ ਕਰਨਾ ਕਮਜ਼ੋਰੀ ਦੀ ਨਿਸ਼ਾਨੀ ਹੈ ਅਤੇ ਇਹ "ਮਰਦਾਨਗੀ" ਨਹੀਂ ਹੈ। ਪਰ ਇਹ ਸੱਚ ਨਹੀਂ। ਸਾਡੇ ਪਰਿਵਾਰਾਂ ਨੂੰ ਸਾਡੇ ਵਿੱਚ ਪਰਮੇਸ਼ੁਰ ਪਿਤਾ ਦੇ ਪਿਆਰ, ਉਸ ਦੀ ਕੋਮਲਤਾ, ਨਰਮਾਈ, ਭਲਿਆਈ, ਦਇਆ, ਧੀਰਜ ਅਤੇ ਕਿਰਪਾ ਦਾ ਪ੍ਰਗਟਾਵਾ ਵੇਖਣ ਦੀ ਲੋੜ ਹੈ। ਜੋ ਕੁਝ ਉਹ ਸਾਡੇ ਵਿੱਚ ਵੇਖਦੇ ਹਨ, ਉਸ ਰਾਹੀਂ ਉਹ ਸਾਡੇ ਸਵਰਗੀ ਪਿਤਾ ਦੇ ਪਿਆਰ ਵੱਲ ਹੋਰ ਖਿੱਚੇ ਜਾਣ।

ਇਹ ਕਲੀਸਿਆ ਦੇ ਪਰਿਵਾਰ ਵਿੱਚ ਵੀ ਸੱਚ ਹੈ। ਜਦੋਂ ਉਜਾੜੂ ਪੁੱਤਰ ਅਤੇ ਖੋਏ ਹੋਏ ਲੋਕ ਕਲੀਸਿਆ ਵਿੱਚ "ਪਿਤਾ ਅਤੇ ਮਾਂ" ਵਰਗਾ ਪਿਆਰ ਵੇਖਣਗੇ, ਤਾਂ ਉਹ ਘਰ ਵਾਪਸ ਆ ਜਾਣਗੇ। ਸਥਾਨਕ ਕਲੀਸਿਆ ਉਹ ਥਾਂ ਹੋਣੀ ਚਾਹੀਦੀ ਹੈ ਜਿੱਥੇ ਟੁੱਟੇ ਦਿਲ ਵਾਲਿਆਂ, ਖੋਏ ਹੋਏ ਅਤੇ ਦੁਖੀ ਲੋਕਾਂ ਦਾ ਸਵਾਗਤ ਹੋਵੇ ਅਤੇ ਜਿੱਥੇ ਪਿਤਾ ਦੇ ਪਿਆਰ ਰਾਹੀਂ ਉਹਨਾਂ ਨੂੰ ਚੰਗਿਆਈ ਅਤੇ ਪੂਰਨਤਾ ਮਿਲੇ।

ਪਰਮੇਸ਼ੁਰ ਵਾਂਗ ਪਿਆਰ ਕਰਨਾ ਉਸ ਦੇ ਪਿਆਰ ਦੀ ਹੋਰ ਡੂੰਘੀ ਸਮਝ ਦਿੰਦਾ ਹੈ

1 ਯੂਹੰਨਾ 4:12
ਪਰਮੇਸ਼ੁਰ ਨੂੰ ਕਿਸੇ ਨੇ ਕਦੇ ਨਹੀਂ ਡਿੱਠਾ। ਜੇ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖਦੇ ਹਾਂ ਤਾਂ ਪਰਮੇਸ਼ੁਰ ਸਾਡੇ ਵਿੱਚ ਰਹਿੰਦਾ ਹੈ ਅਤੇ ਉਹ ਦਾ ਪ੍ਰੇਮ ਸਾਡੇ ਵਿੱਚ ਸੰਪੂਰਨ ਕੀਤਾ ਹੋਇਆ ਹੈ।

ਜਦੋਂ ਅਸੀਂ ਦੂਜਿਆਂ ਨੂੰ ਉਸ ਦੇ ਪਿਆਰ ਨਾਲ ਪਿਆਰ ਕਰਦੇ ਹਾਂ, ਤਾਂ ਉਸ ਦਾ ਪਿਆਰ ਸਾਡੇ ਅੰਦਰ ਸੰਪੂਰਨ ਹੁੰਦਾ ਹੈ, ਅਰਥਾਤ, ਉਹ ਆਪਣੇ ਉਦੇਸ਼ ਨੂੰ ਪੂਰਾ ਕਰਦਾ ਹੈ। ਇਸ ਤਰ੍ਹਾਂ ਅਸੀਂ ਪਿਤਾ ਦੇ ਪਿਆਰ ਨੂੰ ਹੋਰ ਡੂੰਘਾਈ ਨਾਲ ਸਮਝਣ ਲੱਗਦੇ ਹਾਂ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਕੰਮ ਕਰਨ ਦਿੰਦਾ ਹੈ।

ਪਿਤਾ ਦੇ ਪਿਆਰ ਨੂੰ ਸਮਝਣ ਅਤੇ ਉਸ ਦਾ ਅਨੁਭਵ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ ਉਹਨਾਂ ਵਾਂਗ ਪਿਆਰ ਕਰਨਾ ਜਿਵੇਂ ਉਹ ਕਰਦਾ ਹੈ। ਜਦੋਂ ਅਸੀਂ ਪਰਮੇਸ਼ੁਰ ਵਾਂਗ ਪਿਆਰ ਕਰਨ ਦਾ ਫੈਸਲਾ ਕਰਦੇ ਹਾਂ ਅਤੇ ਇਸ ਨੂੰ ਜੀਵਨ ਵਿੱਚ, ਔਖੀਆਂ ਹਾਲਤਾਂ ਵਿੱਚ ਵੀ ਅਮਲ ਵਿੱਚ ਲਿਆਉਂਦੇ ਹਾਂ, ਤਦ ਉਸ ਦੇ ਪਿਆਰ ਦਾ ਸਾਡਾ ਨਿੱਜੀ ਅਨੁਭਵ ਹੋਰ ਵੱਧਦਾ ਜਾਂਦਾ ਹੈ। ਜਿਵੇਂ-ਜਿਵੇਂ ਹੋਰਨਾਂ ਨੂੰ ਪਿਆਰ ਕਰਨ ਦੀ ਸਾਡੀ ਸਮਰੱਥਾ ਵੱਧਦੀ

ਹੈ, ਤਿਵੇਂ-ਤਿਵੇਂ ਅਸੀਂ ਆਪਣੇ ਲਈ ਉਸ ਦੇ ਮਹਾਨ ਪਿਆਰ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲੱਗ ਪੈਂਦੇ ਹਾਂ। ਜਿੰਨਾ ਅਸੀਂ ਪਰਮੇਸ਼ੁਰ ਨੂੰ ਹੋਰਨਾਂ ਲਈ ਆਪਣੇ ਪਿਆਰ ਨੂੰ ਵਧਾਉਣ ਦੀ ਆਗਿਆ ਦਿੰਦੇ ਹਾਂ, ਓਨਾ ਹੀ ਸਾਡੇ ਲਈ ਉਸ ਦੇ ਪਿਆਰ ਦਾ ਪ੍ਰਗਟਾਵਾ ਵੱਧਦਾ ਜਾਂਦਾ ਹੈ। ਜਦੋਂ ਅਸੀਂ ਉਸ ਦਾ ਪਿਆਰ ਹੋਰਨਾਂ ਉੱਤੇ ਵਗਾਉਂਦੇ ਹਾਂ, ਤਦ ਅਸੀਂ ਉਸ ਦੇ ਪਿਆਰ ਨੂੰ ਹੋਰ ਵਧੇਰੇ ਤਰ੍ਹਾਂ ਆਪਣੇ ਜੀਵਨ ਵਿੱਚ ਵਗਦਾ ਹੋਇਆ ਮਹਿਸੂਸ ਕਰਦੇ ਹਾਂ। ਉਸ ਦੇ ਪਿਆਰ ਦਾ ਹੋਰ ਵੱਡਾ ਅਨੁਭਵ ਸਾਡਾ ਬਣ ਜਾਂਦਾ ਹੈ।

ਪਰਮੇਸ਼ੁਰ ਨਾਲ ਪਿਆਰ ਵਿੱਚ ਚੱਲਣਾ ਪਰਮੇਸ਼ੁਰ ਨਾਲ ਏਕਤਾ ਵਿੱਚ ਚੱਲਣਾ ਹੈ

1 ਯੂਹੰਨਾ 4:16
ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਉਹ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ।

1 ਯੂਹੰਨਾ 4:16 (ਜਿਵੇਂ ਕਿ ਦ ਗੁੱਡ ਨਿਊਜ਼ ਬਾਈਬਲ ਵਿੱਚ ਦਿੱਤਾ ਗਿਆ ਹੈ)
ਅਸੀਂ ਉਸ ਪਿਆਰ ਨੂੰ ਜਾਣਦੇ ਹਾਂ ਜੋ ਪਰਮੇਸ਼ੁਰ ਸਾਡੇ ਨਾਲ ਰੱਖਦਾ ਹੈ ਅਤੇ ਉਸ 'ਤੇ ਵਿਸ਼ਵਾਸ ਕਰਦੇ ਹਾਂ। ਪਰਮੇਸ਼ੁਰ ਪਿਆਰ ਹੈ; ਅਤੇ ਜੋ ਪਿਆਰ ਵਿੱਚ ਜੀਉਂਦਾ ਹੈ, ਉਹ ਪਰਮੇਸ਼ੁਰ ਨਾਲ ਏਕਤਾ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਨਾਲ ਏਕਤਾ ਵਿੱਚ ਰਹਿੰਦਾ ਹੈ।

ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਜੀਉਂਦੇ ਹਾਂ ਅਤੇ ਉਸ ਦੇ ਪਿਆਰ ਤੋਂ ਜੀਉਂਦੇ ਹਾਂ, ਤਦ ਅਸੀਂ ਪਰਮੇਸ਼ੁਰ ਵਿੱਚ ਰਹਿੰਦੇ ਹਾਂ ਅਤੇ ਪਰਮੇਸ਼ੁਰ ਸਾਡੇ ਵਿੱਚ ਰਹਿੰਦਾ ਹੈ। ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਜੀਉਂਦੇ ਹਾਂ, ਅਸੀਂ ਪਰਮੇਸ਼ੁਰ ਨਾਲ ਏਕਤਾ ਵਿੱਚ ਅੱਗੇ ਵੱਧਦੇ ਹਾਂ। ਅਸੀਂ ਸੱਚਮੁੱਚ ਪਰਮੇਸ਼ੁਰ ਵਿੱਚ ਅਤੇ ਪਰਮੇਸ਼ੁਰ ਰਾਹੀਂ ਵੱਧਦੇ ਹਾਂ ਅਤੇ ਪਰਮੇਸ਼ੁਰ ਸਾਡੇ ਵਿੱਚ ਅਤੇ ਸਾਡੇ ਰਾਹੀਂ ਕੰਮ ਕਰਦਾ ਹੈ। ਇਹ ਸਚਾਈ ਬਹੁਤ ਸ਼ਕਤੀਸ਼ਾਲੀ ਹੈ। ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਅਰਾਮ ਕਰਦੇ ਹਾਂ ਅਤੇ ਉਸ ਦੇ ਪਿਆਰ ਤੋਂ ਜੀਉਂਦੇ ਹਾਂ, ਤਦ ਅਸੀਂ ਪਰਮੇਸ਼ੁਰ ਦੀ ਏਕਤਾ ਵਿੱਚ ਵੱਧਦੇ ਹਾਂ। ਜਦੋਂ ਅਸੀਂ ਪਿਆਰ ਵਿੱਚ ਵੱਧਦੇ ਹਾਂ, ਤਦ ਪਰਮੇਸ਼ੁਰ ਸਾਡੇ ਨਾਲ ਵੱਧਦਾ ਹੈ। ਜਦੋਂ ਅਸੀਂ ਪਿਆਰ ਵਿੱਚ ਕੰਮ ਕਰਦੇ ਹਾਂ, ਤਦ ਪਰਮੇਸ਼ੁਰ ਸਾਡੇ ਨਾਲ ਕੰਮ ਕਰਦਾ ਹੈ। ਜਦੋਂ ਅਸੀਂ ਪਿਆਰ ਨਾਲ ਛੂੰਹਦੇ ਹਾਂ, ਤਦ ਪਰਮੇਸ਼ੁਰ ਛੂੰਹਦਾ ਹੈ। ਜਦੋਂ ਅਸੀਂ ਪਿਆਰ ਵਿੱਚ ਬੋਲਦੇ ਹਾਂ, ਤਦ ਪਰਮੇਸ਼ੁਰ ਬੋਲਦਾ ਹੈ। ਜਦੋਂ ਅਸੀਂ ਪਰਮੇਸ਼ੁਰ ਵਰਗੇ ਪਿਆਰ ਵਿੱਚ ਚੱਲਦੇ

ਹਾਂ, ਤਦ ਅਸੀਂ ਪਰਮੇਸ਼ੁਰ ਨਾਲ ਏਕਤਾ ਵਿੱਚ ਚੱਲਦੇ ਹਾਂ ਅਤੇ ਇਸ ਲਈ ਅਸੀਂ ਅਜਿੱਤ ਹਾਂ। ਸਾਨੂੰ ਰੋਕਣ, ਹੇਠਾਂ ਖਿੱਚਣ ਜਾਂ ਪਿੱਛੇ ਹਟਾਉਣ ਲਈ ਸ਼ੈਤਾਨ ਕੁਝ ਨਹੀਂ ਕਰ ਸਕਦਾ।

ਆਓ ਇਸ ਨੂੰ ਆਪਣੇ ਜੀਵਨ ਦਾ ਰਾਹ ਬਣਾਈਏ। ਅਸੀਂ ਪਿਤਾ ਦੇ ਪਿਆਰ ਵਿੱਚ ਅਰਾਮ ਕਰੀਏ, ਉਸ ਵਿੱਚ ਜੀਵੀਏ ਅਤੇ ਉਸ ਵਿੱਚ ਕੰਮ ਕਰੀਏ। ਜਦੋਂ ਅਸੀਂ ਇਹ ਕਰਦੇ ਹਾਂ, ਤਦ ਅਸੀਂ ਪਰਮੇਸ਼ੁਰ ਵਿੱਚ ਵੱਧਦੇ ਹਾਂ ਅਤੇ ਪਰਮੇਸ਼ੁਰ ਸਾਡੇ ਵਿੱਚ ਅਤੇ ਸਾਡੇ ਰਾਹੀਂ ਵੱਧਦਾ ਹੈ।

ਪ੍ਰਤੀਬਿੰਬ



1) ਉਹ ਬਦਲਾਅ ਲਿਖੋ ਜਿਨ੍ਹਾਂ ਲਈ ਤੁਸੀਂ ਪ੍ਰਭੂ ਕੋਲ ਬੇਨਤੀ ਕਰੋਗੇ ਤਾਂ ਜੋ ਤੁਸੀਂ ਆਪਣੇ ਸਵਰਗੀ ਪਿਤਾ ਵਾਂਗ ਪਿਆਰ ਕਰ ਸਕੋ।

2) ਅਸੀਂ ਪਿਆਰ ਵਿੱਚ ਚੱਲਣ ਬਾਰੇ ਕਈ ਸਚਾਈਆਂ ਵੇਖੀਆਂ ਹਨ:

- ਪਿਆਰ ਵਿੱਚ ਚੱਲਣਾ ਸਭ ਤੋਂ ਉੱਤਮ ਰਾਹ ‘ਤੇ ਚੱਲਣਾ ਹੈ।
- ਪਿਆਰ ਕਦੇ ਖ਼ਤਮ ਨਹੀਂ ਹੁੰਦਾ।
- ਉਸ ਦਾ ਪਿਆਰ ਕਬੂਲ ਕਰਨਾ ਪਿਆਰ ਕਰਨ ਦੀ ਸਾਡੀ ਸਮਰੱਥਾ ਵਧਾਉਂਦਾ ਹੈ।
- ਜਿਵੇਂ ਪਰਮੇਸ਼ੁਰ ਪਿਆਰ ਕਰਦਾ ਹੈ, ਤਿਵੇਂ ਪਿਆਰ ਕਰਨਾ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਹੈ।
- ਜਿਵੇਂ ਪਰਮੇਸ਼ੁਰ ਪਿਆਰ ਕਰਦਾ ਹੈ, ਤਿਵੇਂ ਪਿਆਰ ਕਰਨਾ ਉਸ ਦੇ ਪਿਆਰ ਦੇ ਸਾਡੇ ਪ੍ਰਗਟਾਵੇ ਨੂੰ ਵਧਾਉਂਦਾ ਹੈ।
- ਪਿਆਰ ਵਿੱਚ ਚੱਲਣਾ ਪਰਮੇਸ਼ੁਰ ਨਾਲ ਏਕਤਾ ਵਿੱਚ ਚੱਲਣਾ ਹੈ।

ਇਨ੍ਹਾਂ ਵਿੱਚੋਂ ਹਰ ਗੱਲ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੋ ਅਤੇ ਇੱਕ ਜਾਂ ਦੋ ਵਾਕਾਂ ਵਿੱਚ ਲਿਖੋ:

- ਕਿਉਂਕਿ ਪਿਆਰ ਵਿੱਚ ਚੱਲਣਾ ਉੱਤਮ ਰਾਹ 'ਤੇ ਚੱਲਣਾ ਹੈ, ਮੈਂ.....
- ਕਿਉਂਕਿ ਪਿਆਰ ਕਦੇ ਖ਼ਤਮ ਨਹੀਂ ਹੁੰਦਾ, ਮੈਂ ਜਾਣਦਾ ਹਾਂ ਕਿ.....
- ਕਿਉਂਕਿ ਉਸ ਦਾ ਪਿਆਰ ਮੇਰੀ ਪਿਆਰ ਕਰਨ ਦੀ ਸਮਰੱਥਾ ਵਧਾਉਂਦਾ ਹੈ, ਮੈਂ ਜਾਣਦਾ ਹਾਂ ਕਿ ਮੈਂ.....
- ਕਿਉਂਕਿ ਪਰਮੇਸ਼ੁਰ ਵਾਂਗ ਪਿਆਰ ਕਰਨਾ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਹੈ, ਮੈਂ.....
- ਕਿਉਂਕਿ ਪਰਮੇਸ਼ੁਰ ਵਾਂਗ ਪਿਆਰ ਕਰਨਾ ਉਸ ਦੇ ਪਿਆਰ ਦੇ ਮੇਰੇ ਪ੍ਰਗਟਾਵੇ ਨੂੰ ਵਧਾਉਂਦਾ ਹੈ, ਮੈਂ.....
- ਕਿਉਂਕਿ ਪਿਆਰ ਵਿੱਚ ਚੱਲਣਾ ਪਰਮੇਸ਼ੁਰ ਨਾਲ ਏਕਤਾ ਵਿੱਚ ਚੱਲਣਾ ਹੈ, ਮੈਂ....."

ਸਾਡੇ ਨਾਲ ਆਨਲਾਈਨ ਜੁੜੋ

(JOIN US ONLINE)

ਇੰਗਲਿਸ਼

(ENGLISH)

https://youtube.com/allpeopleschurchbangalore
https://instagram.com/allpeopleschurchbangalore
https://facebook.com/apcwo

https://youtube.com/apcbiblecollege
https://instagram.com/apcbiblecollege

https://youtube.com/APCMusicindia

https://www.youtube.com/@apc-free-christian-books

https://youtube.com/@chrysalislifecounseling
https://instagram.com/ChrysalisLifeCounseling

ਹਿੰਦੀ

(HINDI)

https://youtube.com/APCHindi
https://www.instagram.com/apc_bangalore_hindi

ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।

ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।

ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।

ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।

ਆਮੀਨ।

ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖੜ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Interpreting Scripture
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The End Times
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- **ਕਿਸ਼ੋਰਾਂ ਲਈ**
- **ਵਿਅਕਤੀਗਤ ਤਬਦੀਲੀਆਂ**
- **ਰਿਸ਼ਤਿਆਂ ਦੀਆਂ ਚੁਣੌਤੀਆਂ**
- **ਵਿੱਦਿਅਕ ਘੱਟ ਪ੍ਰਾਪਤੀਆਂ**
- **ਕੰਮਕਾਜੀ ਮੁੱਦੇ**
- **ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**
- **ਮਾਪੇ / ਬੱਚੇ / ਭੈਣ–ਭਰਾ / ਹਾਣੀ**
- **ਵਿਹਾਰ ਵਿੱਚ ਗੜਬੜੀਆਂ**
- **ਸ਼ਖਸੀਅਤ ਸੰਬੰਧੀ ਗੜਬੜੀਆਂ**
- **ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ**
- **ਤਨਾਅ / ਸਦਮਾ**
- **ਸ਼ਰਾਬਖੋਰੀ / ਨਸ਼ਾਖੋਰੀ**
- **ਆਤਮਿਕ ਮੁੱਦੇ**
- **ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

ਵੈੱਬਸਾਈਟ: chrysalislife.org
ਫੋਨ: +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
ਈ–ਮੇਲ: counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

Account Name: All Peoples Church
Account Number: 50200068829058
IFSC Code: HDFC0004367
Bank: HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

ਕਿਰਪਾ ਕਰਕੇ ਧਿਆਨ ਦਿਓ: *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!

DOWNLOAD THE FREE APP!

Search for
"All Peoples Church Bangalore"
in the App or Google play stores.

Available on the App Store

ANDROID APP ON Google play





A daily 5-minute video devotional.
A daily Bible reading and prayer guide.
5-minute Sermon summary.
Toolkit with Scriptures on various topics to build faith and information to share the Gospel.
Resources with sermons, sermon notes, TV programs, books, music and more.

IF YOU LOVE IT, TELL OTHERS ABOUT IT!

निःशुल्क ऐप डाउनलोड करें:

ऐप स्टोर या प्ले स्टोर में खोजें
“ऑल पीपुल्स चर्च (APCWO)”/
All Peoples Church Hindi

Available on the App Store

ANDROID APP ON Google Play



विश्वास को मजबूत करने और सुसमाचार साझा करने के लिए विभिन्न विषयों पर आधारित वचनों के टूलकिट।
उपदेशों, टीवी कार्यक्रमों, पुस्तकों, संगीत और बहुत कुछ से भरे संसाधन।
अगर आपको यह पसंद आए, तो
दूसरों को भी इसके बारे में बताएं!

ਆਲ ਪੀਪਲਜ਼ ਚਰਚ ਬਾਈਬਲ ਕਾਲਜ

apcbiblecollege.org

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ (UTC+5:30)** ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

ਆਨਲਾਈਨ ਅਪਲਾਈ ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਬਾਈਬਲ ਪਰਮੇਸ਼ੁਰ ਦੇ ਕਈ ਪੱਖਾਂ ਨੂੰ ਸਾਡੇ ਸਾਹਮਣੇ ਖੋਲ੍ਹਦੀ ਹੈ। ਇਨ੍ਹਾਂ ਵਿੱਚੋਂ ਸਭ ਤੋਂ ਪ੍ਰਭਾਵਸ਼ਾਲੀ ਪ੍ਰਗਟਾਵਿਆਂ ਵਿੱਚੋਂ ਇੱਕ ਹੈ ਪਿਤਾ ਦਾ ਪ੍ਰਗਟਾਵਾ। ਪਰਮੇਸ਼ੁਰ ਸਾਡਾ ਸਵਰਗੀ ਪਿਤਾ ਹੈ। ਪ੍ਰਭੂ ਯਿਸੂ ਨੇ ਸਾਨੂੰ ਸਿਖਾਇਆ ਕਿ ਅਸੀਂ ਪਰਮੇਸ਼ੁਰ ਨੂੰ "ਸਾਡਾ ਪਿਤਾ" ਕਹਿ ਕੇ ਬੁਲਾਈਏ। ਬਾਈਬਲ ਸਾਡੇ ਲਈ ਪਿਤਾ ਦੇ ਪਿਆਰ ਨੂੰ ਪ੍ਰਗਟ ਕਰਦੀ ਹੈ। ਇਹ ਪੁਸਤਕ ਪਿਤਾ ਦੇ ਪਿਆਰ ਦਾ ਅਧਿਐਨ ਹੈ। ਸਾਡੇ ਲਈ ਪਿਤਾ ਦੇ ਪਿਆਰ ਦੀ ਸਮਝ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਅਸੀਂ ਪਰਮੇਸ਼ੁਰ ਨੂੰ ਕਿਵੇਂ ਪਿਆਰ ਕਰਦੇ ਹਾਂ, ਆਪਣੇ ਆਪ ਨੂੰ ਕਿਵੇਂ ਪਿਆਰ ਕਰਦੇ ਹਾਂ ਅਤੇ ਦੂਜਿਆਂ ਨੂੰ ਕਿਵੇਂ ਪਿਆਰ ਕਰਦੇ ਹਾਂ।

ਪਰਮੇਸ਼ੁਰ, ਸਾਡਾ ਸਵਰਗੀ ਪਿਤਾ, ਸਾਨੂੰ ਬਿਨ੍ਹਾਂ ਕਿਸੇ ਸ਼ਰਤ ਦੇ ਅਤੇ ਬੇਅੰਤ ਪਿਆਰ ਕਰਦਾ ਹੈ। ਸਾਡੇ ਲਈ ਪਿਤਾ ਦੇ ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਅਤੇ ਨਿਸ਼ਾਨੀ ਯਿਸੂ ਮਸੀਹ ਦੀ ਸਲੀਬ ਹੈ। ਜਦੋਂ ਅਸੀਂ ਆਪਣੇ ਲਈ ਪਿਤਾ ਦੇ ਪਿਆਰ ਨੂੰ ਜਾਣਦੇ ਹਾਂ, ਉਸ 'ਤੇ ਵਿਸ਼ਵਾਸ ਕਰਦੇ ਹਾਂ ਅਤੇ ਉਸ ਵਿੱਚ ਅਰਾਮ ਪਾਉਂਦੇ ਹਾਂ, ਤਾਂ ਸਭ ਕੁਝ ਬਦਲ ਜਾਂਦਾ ਹੈ। ਅਸੀਂ ਚੰਗੇ ਹੋ ਜਾਂਦੇ ਹਾਂ, ਤੰਦਰੁਸਤ ਹੋ ਜਾਂਦੇ ਹਾਂ ਅਤੇ ਆਪਣੇ ਸਾਰੇ ਟੁੱਟੇਪਣ ਅਤੇ ਬੰਧਨਾਂ ਤੋਂ ਅਜ਼ਾਦ ਹੋ ਜਾਂਦੇ ਹਾਂ। ਜਦੋਂ ਅਸੀਂ ਪਿਤਾ ਦੇ ਪਿਆਰ ਵਿੱਚ ਜੀਵਨ ਬਿਤਾਉਂਦੇ ਹਾਂ, ਤਾਂ ਅਸੀਂ ਵੀ ਉਸੇ ਤਰ੍ਹਾਂ ਪਿਆਰ ਕਰਦੇ ਹਾਂ, ਜਿਵੇਂ ਸਾਨੂੰ ਪਿਆਰ ਕੀਤਾ ਗਿਆ ਹੈ। ਅਸੀਂ ਪਰਮੇਸ਼ੁਰ ਨਾਲ ਖੁੱਲ੍ਹੇ ਦਿਲ ਨਾਲ ਪਿਆਰ ਕਰਦੇ ਹਾਂ। ਅਸੀਂ ਦੂਜਿਆਂ ਨਾਲ ਵੀ ਖੁੱਲ੍ਹੇ ਦਿਲ ਨਾਲ ਪਿਆਰ ਕਰਦੇ ਹਾਂ। ਅਸੀਂ ਹੱਦੋਂ ਵੱਧ ਫਤਹਿ ਪਾਉਣ ਵਾਲਾ ਜੀਵਨ ਜੀਉਂਦੇ ਹਾਂ, ਉਨ੍ਹਾਂ ਲੋਕਾਂ ਵਾਂਗ ਜਿਨ੍ਹਾਂ ਨੇ ਜੀਵਨ ਦੀਆਂ ਸਾਰੀਆਂ ਚੁਣੌਤੀਆਂ ਅਤੇ ਹਨੇਰੇ ਦੀਆਂ ਤਾਕਤਾਂ ਨੂੰ ਪਰਮੇਸ਼ੁਰ ਦੇ ਅਟੱਲ ਪਿਆਰ ਰਾਹੀਂ ਹਰਾ ਦਿੱਤਾ ਹੈ। ਇਹ ਪੁਸਤਕ **ਤੁਹਾਡੇ** ਲਈ ਹੈ।

All Peoples Church & World Outreach
319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org